9-SEP-PAGE-1.qxd 9/8/2024 9:36 PM Page 1

ਸੋਮਵਾਰ, 9 ਸਤੰਬਰ, 2024
25 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 99

ਨਵਾਂ ਜ਼ਮਾਨਾ

DAILY NAWAN ZAMANA • MONDAY, 9 SEPTEMBER, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਰਾਹੁਲ ਦਾ ਅਮਰੀਕਾ 'ਚ ਨਿੱਘਾ ਸਵਾਗਤ

ਹੌਸਟਨ : ਰਾਹੁਲ ਗਾਂਧੀ ਤਿੰਨ ਦਿਨਾਂ ਦੌਰੇ 'ਤੇ ਐਤਵਾਰ ਅਮਰੀਕਾ ਪਹੁੰਚੇ। ਇਸ ਦੌਰਾਨ ਰਾਹੁਲ ਭਾਰਤ ਅਤੇ ਅਮਰੀਕਾ ਦੇ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਗੱਲਬਾਤ ਕਰਨਗੇ। ਰਾਹੁਲ ਨੇ ਫੇਸਬੁਕ 'ਤੇ ਪੋਸਟ 'ਚ ਕਿਹਾ—ਅਮਰੀਕਾ ਦੇ ਟੈਕਸਾਸ ਸੂਬੇ ਦੇ ਡੱਲਾਸ 'ਚ ਭਾਰਤੀ ਪਰਵਾਸੀਆਂ ਅਤੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਮੈਂਬਰਾਂ ਵੱਲੋਂ ਮੇਰਾ ਨਿੱਘਾ ਸਵਾਗਤ ਕੀਤਾ, ਜਿਸ ਤੋਂ ਮੈਂ ਸੱਚਮੁੱਚ ਬਹੁਤ ਖੁਸ਼ ਹਾਂ। ਅਮਰੀਕਾ ਪਹੁੰਚਣ ਦੀਆਂ ਕੁਝ ਤਸਵੀਰਾਂ ਸਾਂਝੀਆਂ ਕਰਦਿਆਂ ਰਾਹੁਲ ਨੇ ਕਿਹਾ—ਮੈਂ ਇਸ ਫੇਰੀ ਦੌਰਾਨ ਸਾਰਥਕ ਵਿਚਾਰ ਵਟਾਂਦਰਿਆਂ 'ਚ ਸ਼ਾਮਲ ਹੋਣ ਲਈ ਉਤਸੁਕ ਹਾਂ, ਜਿਸ ਨਾਲ ਦੋਵਾਂ ਦੇਸ਼ਾਂ ਦੇ ਸੰਬੰਧ ਹੋਰ ਮਜ਼ਬੂਤ ਹੋਣਗੇ।

ਲਖਨਊ ਹਾਦਸੇ 'ਚ ਮ੍ਰਿਤਕਾਂ ਦੀ ਗਿਣਤੀ 8 ਹੋਈ

ਲਖਨਊ : ਇੱਥੇ ਇਮਾਰਤ ਡਿੱਗਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 8 ਹੋ ਗਈ, ਜਦੋਂ ਬਚਾਅਕਰਮੀਆਂ ਨੂੰ ਐਤਵਾਰ ਮਲਬੇ 'ਚੋਂ ਤਿੰਨ ਹੋਰ ਲਾਸ਼ਾਂ ਮਿਲੀਆਂ ਹਨ। ਇਨ੍ਹਾਂ ਦੀ ਪਛਾਣ ਰਾਜ ਕਿਸ਼ੋਰ (27), ਰੁਦਰ ਯਾਦਵ (24) ਅਤੇ ਜਗਰੂਪ ਸਿੰਘ (35) ਵਜੋਂ ਹੋਈ ਹੈ। ਟਰਾਂਸਪੋਰਟ ਨਗਰ ਇਲਾਕੇ 'ਚ ਸ਼ਨਿਚਰਵਾਰ ਸ਼ਾਮ ਤਿੰਨ ਮੰਜ਼ਲਾ ਇਮਾਰਤ ਦਾ ਗੁਦਾਮ ਅਤੇ ਇੱਕ ਮੋਟਰ ਵਰਕਸ਼ਾਪ ਢਹਿ ਜਾਣ ਕਾਰਨ 28 ਵਿਅਕਤੀ ਜ਼ਖਮੀ ਹੋ ਗਏ ਸਨ।

ਟਰੇਨ ਦੇ ਦੋ ਟੋਟੇ

ਪਟਨਾ : ਦਿੱਲੀ ਤੋਂ ਇਸਲਾਮਪੁਰ ਜਾ ਰਹੀ ਮਗਧ ਐਕਸਪ੍ਰੈੱਸ ਐਤਵਾਰ ਕਪਲਿੰਗ ਟੁੱਟਣ ਕਾਰਨ ਦੋ ਹਿੱਸਿਆਂ 'ਚ ਵੰਡੀ ਗਈ। ਇਹ ਘਟਨਾ ਬਿਹਾਰ ਦੇ ਬਕਸਰ ਜ਼ਿਲ੍ਹੇ 'ਚ ਤਵਿਨੀਗੰਜ ਅਤੇ ਰਘੂਨਾਥਪੁਰ ਵਿਚਾਲੇ ਸਵੇਰੇ 11.08 ਵਜੇ ਵਾਪਰੀ ਅਤੇ ਬਾਅਦ 'ਚ ਰੂਟ 'ਤੇ 2.25 ਵਜੇ ਰੇਲ ਆਵਾਜਾਈ ਬਹਾਲ ਕਰ ਦਿੱਤੀ ਗਈ। ਕੋਈ ਜ਼ਖਮੀ ਨਹੀਂ ਹੋਇਆ।

3 ਮਜ਼ਦੂਰਾਂ ਦੀ ਮੌਤ

ਅੰਬਿਕਾਪੁਰ : ਛੱਤੀਸਗੜ੍ਹ ਦੇ ਸੁਰਗੁਜਾ ਜ਼ਿਲ੍ਹੇ 'ਚ ਐਤਵਾਰ ਐਲੂਮਿਨਾ ਰਿਫਾਇਨਰੀ 'ਚ ਕੋਲੇ ਨਾਲ ਭਰਿਆ ਹੌਪਰ ਡਿੱਗਣ ਕਾਰਨ ਤਿੰਨ ਮਜ਼ਦੂਰਾਂ ਦੀ ਮੌਤ ਹੋ ਗਈ ਤੇ ਇਕ ਜ਼ਖਮੀ ਹੋ ਗਿਆ। ਇਕ ਮਜ਼ਦੂਰ ਲਾਪਤਾ ਸੀ, ਜਿਸ ਨੂੰ ਲੱਭਣ ਲਈ ਬਚਾਅ ਕਾਰਜ ਜਾਰੀ ਸਨ। ਸਵੇਰੇ 11 ਵਜੇ ਇਹ ਘਟਨਾ ਰਘੂਨਾਥਪੁਰ ਪੁਲਸ ਚੌਕੀ ਅਧੀਨ ਪੈਂਦੇ ਪਿੰਡ ਸਿਲਸਿਲਾ 'ਚ ਸਥਿਤ ਰਿਫਾਇਨਰੀ 'ਚ ਵਾਪਰੀ।

ਗੰਨਮੈਨ ਦੀ ਗੋਲੀ ਨਾਲ ਮੌਤ

ਜੌਨਪੁਰ : ਉੱਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲ੍ਹੇ 'ਚ ਭਾਜਪਾ ਆਗੂ ਮਨੋਜ ਸਿੰਘ ਦੇ ਸਰਕਾਰੀ ਗੰਨਮੈਨ ਦੀ ਐਤਵਾਰ ਤੜਕੇ ਸ਼ੱਕੀ ਹਾਲਤ 'ਚ ਗੋਲੀ ਵੱਜਣ ਕਾਰਨ ਮੌਤ ਹੋ ਗਈ। ਏ ਸੀ ਪੀ (ਦਿਹਾਤੀ) ਸ਼ੈਲੇਂਦਰ ਸਿੰਘ ਨੇ ਦੱਸਿਆ ਕਿ ਬਾਰਸਾਠੀ ਥਾਣਾ ਖੇਤਰ ਦੇ ਬਾਬੂਰੀ ਪਿੰਡ ਦੇ ਮਨੋਜ ਸਿੰਘ ਦੀ ਸੁਰੱਖਿਆ 'ਚ ਤਾਇਨਾਤ ਗੰਨਮੈਨ ਰਤਨੇਸ਼ ਪਰਜਾਪਤੀ (30) ਗੋਲੀ ਲੱਗਣ ਨਾਲ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਖਦਸ਼ਾ ਹੈ ਕਿ ਪਰਜਾਪਤੀ ਆਪਣੀ ਬੰਦੂਕ ਸਾਫ ਕਰ ਰਿਹਾ ਸੀ, ਜਦੋਂ ਅਚਾਨਕ ਗੋਲੀ ਚੱਲ ਗਈ।

ਆਦਿੱਤਿਆ ਚੌਟਾਲਾ ਇਨੈਲੋ 'ਚ ਸ਼ਾਮਲ

ਡੱਬਵਾਲੀ : ਭਾਜਪਾ ਤੋਂ ਬਾਗੀ ਅਤੇ ਤਾਊ ਦੇਵੀ ਲਾਲ ਦੇ ਪੋਤਰੇ ਆਦਿੱਤਿਆ ਚੌਟਾਲਾ ਐਤਵਾਰ ਆਪਣੇ ਜੱਦੀ ਪਿੰਡ ਚੌਟਾਲਾ 'ਚ ਸਮਰਥਕਾਂ ਸਣੇ ਆਪਣੇ ਤਾਇਆ ਓਮ ਪ੍ਰਕਾਸ਼ ਚੌਟਾਲਾ ਦੀ ਪਾਰਟੀ ਇਨੈਲੋ 'ਚ ਸ਼ਾਮਲ ਹੋ ਗਏ। ਹੁਣ ਉਹ ਹਲਕਾ ਡੱਬਵਾਲੀ ਤੋਂ ਇਨੈਲੋ ਦੇ ਉਮੀਦਵਾਰ ਹੋਣਗੇ। 'ਲੋਕ ਰਾਇ' ਸਮਾਗਮ 'ਚ ਇਨੈਲੋ ਦੇ ਕੌਮੀ ਜਨਰਲ ਸਕੱਤਰ ਅਭੈ ਸਿੰਘ ਚੌਟਾਲਾ ਨੇ ਆਦਿੱਤਿਆ ਚੌਟਾਲਾ ਅਤੇ ਉਨ੍ਹਾ ਦੇ ਹਜ਼ਾਰਾਂ ਸਮਰਥਕਾਂ ਨੂੰ ਇੰਡੀਅਨ ਨੈਸ਼ਨਲ ਲੋਕ ਦਲ 'ਚ ਸ਼ਾਮਲ ਕੀਤਾ ਅਤੇ ਅਦਿੱਤਿਆ ਨੂੰ ਡੱਬਵਾਲੀ ਤੋਂ ਇਨੈਲੋ ਦਾ ਉਮੀਦਵਾਰ ਐਲਾਨਿਆ।

ਅੱਜ-ਨਾਮਾ

ਕਾਰਗਿਲ ਜੰਗ ਦੀ ਪਾਕਿ ਸੀ ਬਾਤ ਕੀਤੀ,
ਆਪਣੀ ਫੌਜ ਦਾ ਮੰਨ ਲਿਆ ਰੋਲ ਮੀਆਂ।
ਇਸੇ ਈ ਰੋਲ ਤੋਂ ਮੁੱਕਰਦੇ ਰਹੇ ਕਾਹਤੋਂ,
ਕੀਤੀ ਘੁੰਡੀ ਉਹ ਅਸਲ ਹੈ ਗੋਲ ਮੀਆਂ।
ਪੁੱਤਰ ਜੀਹਨਾਂ ਦੇ ਜੰਗ ਵਿੱਚ ਗਏ ਮਾਰੇ,
ਖਬਰ-ਕਬਰ ਕਈ ਰਹੇ ਨੇ ਫੋਲ ਮੀਆਂ।
ਡੁੱਬ-ਡੁੱਬ ਚਾਹੀਦਾ ਮਰਨ ਕਮਾਂਡਰਾਂ ਨੂੰ,
ਆਈ ਹੁੰਦੀ ਕੁਝ ਸ਼ਰਮ ਜੇ ਕੋਲ ਮੀਆਂ।
ਬੇਗਾਨੇ ਪੁੱਤਾਂ ਦੀ ਦਿੱਤੀ ਹੈ ਬਲੀ ਜੀਹਨਾਂ,
ਚਿਰ ਤੱਕ ਰੱਖੀ ਹਕੀਕਤ ਹੈ ਰੋਕ ਮੀਆਂ।
ਤੁਰੇ ਬੇਸ਼ਰਮ ਜੇ ਮੰਨਣ ਪ੍ਰਵਾਹ ਕੋਈ ਨਾ,
ਲਾਹਨਤਾਂ ਪਾਉਣਗੇ ਦੇਸ਼ ਦੇ ਲੋਕ ਮੀਆਂ।

-ਤੀਸ ਮਾਰ ਖਾਂ

ਮਨੀਪੁਰ ਹਿੰਸਾ 'ਚ 6 ਹੋਰ ਮੌਤਾਂ

ਇੰਫਾਲ : ਕੁੱਕੀ ਤੇ ਮੈਤੀ ਭਾਈਚਾਰਿਆਂ ਵਿਚਾਲੇ ਤਾਜ਼ਾ ਲੜਾਈ 'ਚ 6 ਹੋਰ ਵਿਅਕਤੀ ਮਾਰੇ ਗਏ। ਇਕ ਕੋਰਟ ਵੱਲੋਂ ਕੁੱਕੀ ਲੋਕਾਂ ਨੂੰ ਨੌਕਰੀਆਂ ਤੇ ਸਿੱਖਿਆ ਵਿਚ ਮਿਲ ਰਹੀ ਰਿਜ਼ਰਵੇਸ਼ਨ ਦਾ ਦਾਇਰਾ ਮੈਤੀ ਭਾਈਚਾਰੇ ਤਕ ਵਧਾਉਣ ਲਈ ਸਰਕਾਰ ਨੂੰ ਦਿੱਤੇ ਹੁਕਮ ਤੋਂ ਬਾਅਦ ਪਿਛਲੇ ਸਾਲ ਤੋਂ ਹੀ ਦੋਨੋਂ ਭਾਈਚਾਰੇ ਲੜ ਰਹੇ ਹਨ। ਹੁਣ ਤਕ 230 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਤੇ 67 ਹਜ਼ਾਰ ਉੱਜੜ ਚੁੱਕੇ ਹਨ।

ਸਥਿਤੀ ਹੋਰ ਤਨਾਅਪੂਰਨ ਹੋਣ ਕਰਕੇ ਮੁੱਖ ਮੰਤਰੀ ਐਨ ਬੀਰੇਨ ਸਿੰਘ ਨੇ ਐਤਵਾਰ ਕੁਲੀਸ਼ਨ ਸਰਕਾਰ ਦੇ ਵਿਧਾਇਕਾਂ ਨਾਲ ਮੀਟਿੰਗ ਕੀਤੀ ਤੇ ਫਿਰ ਰਾਜਪਾਲ ਲਕਸ਼ਮਣ ਆਚਾਰੀਆ ਨੂੰ ਅਮਨ-ਕਾਨੂੰਨ ਦੀ ਸਥਿਤੀ ਤੋਂ ਜਾਣੂੰ ਕਰਾਇਆ। ਮੁੱਖ ਮੰਤਰੀ ਦੀ ਰਾਜਪਾਲ ਨਾਲ 16 ਘੰਟਿਆਂ ਵਿਚ ਇਹ ਦੂਜੀ ਮੁਲਾਕਾਤ ਸੀ। ਉਨ੍ਹਾ ਦੇ ਅਸਤੀਫਾ ਦੇਣ ਦੀ ਵੀ ਚਰਚਾ ਚੱਲ ਰਹੀ ਹੈ।

ਸ਼ੁੱਕਰਵਾਰ ਹਿੰਸਾ ਤੇਜ਼ ਹੋ ਗਈ ਸੀ ਜਦੋਂ ਸ਼ੱਕੀ ਖਾੜਕੂਆਂ ਨੇ ਲੰਮੀ ਦੂਰੀ ਤਕ ਮਾਰ ਕਰਨ ਵਾਲੇ ਰਾਕਟ ਦਾਗ ਕੇ ਬਿਸ਼ਨਪੁਰ ਜ਼ਿਲ੍ਹੇ ਦੇ ਮੋਈਰੰਗ ਵਿਚ ਇਕ ਪੁਜਾਰੀ ਨੂੰ ਮਾਰ ਦਿੱਤਾ ਤੇ ਪੰਜ ਹੋਰਨਾਂ ਨੂੰ ਜ਼ਖਮੀ ਕਰ ਦਿੱਤਾ। ਸ਼ਨੀਵਾਰ ਸਵੇਰੇ ਜੀਰੀਬਾਮ ਦੇ ਪਿੰਡ ਨੰਗਚੱਪੀ ਵਿਚ 63 ਸਾਲ ਦੇ ਸੁੱਤੇ ਪਏ ਬਜ਼ੁਰਗ ਨੂੰ ਕਤਲ ਕਰ ਦਿੱਤਾ। ਇਸਤੋਂ ਬਾਅਦ ਰਸੀਦਪੁਰ ਪਿੰਡ 'ਚ ਝੜਪਾਂ ਵਿਚ 41 ਸਾਲਾ ਵਿਅਕਤੀ ਮਾਰਿਆ ਗਿਆ। ਜੀਰੀਬਾਮ ਵਿਚ ਮੈਤੀ ਤੇ ਹਮਾਰ ਦੇ ਆਗੂਆਂ ਵਿਚਾਲੇ ਹਾਲ ਹੀ 'ਚ ਅਮਨ ਵਾਰਤਾ ਹੋਈ ਸੀ। ਇਸ ਵਿਚ ਅਮਨ ਲਈ ਕੰਮ ਕਰਨ 'ਤੇ ਸਹਿਮਤੀ ਬਣੀ ਸੀ।

ਮੁੱਖ ਮੰਤਰੀ ਦੇ ਅਸਤੀਫੇ ਦੇ ਚਰਚੇ

ਰਾਜਪਾਲ ਨੂੰ ਮਿਲਣ ਪੁੱਜਾ ਮੁੱਖ ਮੰਤਰੀ ਦਾ ਕਾਫਲਾ।

ਰਣਧੀਰ ਸਿੰਘ ਓ ਸੀ ਏ ਦੇ ਪਹਿਲੇ ਭਾਰਤੀ ਪ੍ਰਧਾਨ ਬਣੇ

ਨਵੀਂ ਦਿੱਲੀ : ਤਜਰਬੇਕਾਰ ਖੇਡ ਪ੍ਰਸ਼ਾਸਕ ਰਣਧੀਰ ਸਿੰਘ ਉਲੰਪਿਕ ਕੌਂਸਲ ਆਫ ਏਸ਼ੀਆ (ਓ ਸੀ ਏ) ਦੇ ਪ੍ਰਧਾਨ ਚੁਣੇ ਜਾਣ ਵਾਲੇ ਪਹਿਲੇ ਭਾਰਤੀ ਬਣ ਗਏ ਹਨ। ਐਤਵਾਰ ਇੱਥੇ ਇਸ ਮਹਾਂਦੀਪੀ ਸੰਗਠਨ ਦੀ 44ਵੀਂ ਮਹਾਸਭਾ ਦੌਰਾਨ ਉਨ੍ਹਾ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੀ ਗਈ। ਪੰਜ ਵਾਰ ਦੇ ਉਲੰਪਿਕ ਨਿਸ਼ਾਨੇਬਾਜ਼ 77 ਸਾਲਾ ਰਣਧੀਰ ਸਿੰਘ ਹੀ ਓ ਸੀ ਏ ਦੇ ਪ੍ਰਧਾਨ ਦੇ ਅਹੁਦੇ ਲਈ ਇਕੱਲੇ ਯੋਗ ਉਮੀਦਵਾਰ ਸਨ। ਉਹ 2021 ਤੋਂ ਓ ਸੀ ਏ ਦੇ ਕਾਰਜਕਾਰੀ ਪ੍ਰਧਾਨ ਚਲੇ ਆ ਰਹੇ ਸਨ। ਉਹ ਕੁਵੈਤ ਦੇ ਸ਼ੇਖ ਅਹਿਮਦ ਅਲ-ਫਹਾਦ ਅਲ-ਸਬਾਹ ਦੀ ਥਾਂ ਲੈਣਗੇ, ਜਿਸ 'ਤੇ ਇਸ ਸਾਲ ਮਈ ਮਹੀਨੇ ਨੈਤਿਕਤਾ ਦੀ ਉਲੰਘਣਾ ਕਾਰਨ ਖੇਡ ਪ੍ਰਸ਼ਾਸਨ ਤੋਂ 15 ਸਾਲ ਦੀ ਪਾਬੰਦੀ ਲਾਈ ਗਈ ਸੀ।

ਭਾਰਤੀ ਅਤੇ ਏਸ਼ੀਆਈ ਖੇਡ ਸੰਸਥਾਵਾਂ 'ਚ ਵੱਖ-ਵੱਖ ਪ੍ਰਸ਼ਾਸਕੀ ਅਹੁਦਿਆਂ ਉੱਤੇ ਰਹਿ ਚੁੱਕੇ ਰਣਧੀਰ ਸਿੰਘ ਨੂੰ ਕੇਂਦਰੀ ਖੇਡ ਮੰਤਰੀ ਮਨਸੁਖ ਮਾਂਡਵੀਆ ਅਤੇ ਏਸ਼ੀਆ ਦੇ ਸਾਰੇ 45 ਦੇਸ਼ਾਂ ਦੇ ਉੱਚ ਖੇਡ ਪ੍ਰਸ਼ਾਸਕਾਂ ਦੀ ਮੌਜੂਦਗੀ 'ਚ ਓ ਸੀ ਏ ਦਾ ਪ੍ਰਧਾਨ ਚੁਣਿਆ ਗਿਆ। ਰਣਧੀਰ ਸਿੰਘ ਪਟਿਆਲਾ ਦੇ ਸ਼ਾਹੀ ਪਰਵਾਰ ਵਿੱਚੋਂ ਹਨ। ਉਨ੍ਹਾਂ ਦੇ ਅੰਕਲ ਯਾਦਵਿੰਦਰਾ ਸਿੰਘ ਨੇ ਭਾਰਤ ਲਈ ਕ੍ਰਿਕਟ ਖੇਡੀ ਅਤੇ ਕੌਮਾਂਤਰੀ ਉਲੰਪਿਕ ਕਮੇਟੀ ਦੇ ਮੈਂਬਰ ਵੀ ਰਹੇ। ਉਨ੍ਹਾ ਦੇ ਪਿਤਾ ਭਲਿੰਦਰ ਸਿੰਘ ਵੀ ਫਸਟ-ਕਲਾਸ ਕ੍ਰਿਕੇਟਰ ਰਹੇ ਅਤੇ 1947 ਤੋਂ 1992 ਤੱਕ ਕੌਮਾਂਤਰੀ ਉਲੰਪਿਕ ਕਮੇਟੀ ਦੇ ਮੈਂਬਰ ਰਹੇ।

2030 ਦੀਆਂ ਯੂਥ ਉਲੰਪਿਕ ਖੇਡਾਂ ਲਈ ਭਾਰਤ ਦਾਅਵੇਦਾਰ

ਨਵੀਂ ਦਿੱਲੀ : ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਕਿਹਾ ਕਿ ਭਾਰਤ 2030 'ਚ ਹੋਣ ਵਾਲੀਆਂ ਪੰਜਵੀਆਂ ਯੂਥ ਉਲੰਪਿਕ ਖੇਡਾਂ ਵਾਸਤੇ ਦਾਅਵੇਦਾਰੀ ਪੇਸ਼ ਕਰਨ ਲਈ ਤਿਆਰ ਹੈ, ਜੋ 2036 'ਚ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਹਾਸਲ ਕਰਨ ਦੀ ਦਿਸ਼ਾ 'ਚ ਅਹਿਮ ਕਦਮ ਹੋਵੇਗਾ। ਮਾਂਡਵੀਆ ਨੇ ਇੱਥੇ ਏਸ਼ੀਆਈ ਉਲੰਪਿਕ ਕੌਂਸਲ ਦੀ 44ਵੀਂ ਜਨਰਲ ਅਸੈਂਬਲੀ ਮੌਕੇ ਕਿਹਾ—ਅਸੀਂ 2030 ਦੀਆਂ ਯੂਥ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਲਈ ਦਾਅਵੇਦਾਰੀ ਪੇਸ਼ ਕਰਨ ਜਾ ਰਹੇ ਹਾਂ ਪਰ ਸਾਡਾ ਧਿਆਨ 2036 ਦੀਆਂ ਉਲੰਪਿਕ ਖੇਡਾਂ ਦੀ ਮੇਜ਼ਬਾਨੀ 'ਤੇ ਹੈ। ਯੂਥ ਓਲੰਪਿਕਸ-2030 ਦੀ ਮੇਜ਼ਬਾਨੀ ਹਾਸਲ ਕਰਨ ਦੀ ਦੌੜ 'ਚ ਭਾਰਤ ਤੋਂ ਇਲਾਵਾ ਪੇਰੂ, ਕੋਲੰਬੀਆ, ਮੈਕਸੀਕੋ, ਥਾਈਲੈਂਡ, ਮੰਗੋਲੀਆ, ਰੂਸ, ਯੂਕਰੇਨ, ਬੋਸਨੀਆ ਅਤੇ ਹਰਜੇਗੋਵਿਨਾ ਵੀ ਸ਼ਾਮਲ ਹਨ।

ਸਮਾਜ ਪਰਵਾਰਾਂ 'ਚ ਪਾਟਕ ਪਸੰਦ ਨਹੀਂ ਕਰਦਾ : ਅਜੀਤ ਪਵਾਰ

ਗੜ੍ਹਚਿਰੌਲੀ : ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਨੇ ਕਿਹਾ ਹੈ ਕਿ ਸਮਾਜ ਪਰਵਾਰਾਂ 'ਚ ਦਰਾੜਾਂ ਪਸੰਦ ਨਹੀਂ ਕਰਦਾ ਅਤੇ ਉਨ੍ਹਾ ਨੇ ਇਸ ਗੱਲ ਦਾ ਅਹਿਸਾਸ ਕੀਤਾ ਤੇ ਪਹਿਲਾਂ ਹੀ ਆਪਣੀ ਗਲਤੀ ਸਵੀਕਾਰ ਕਰ ਲਈ ਹੈ। ਉਨ੍ਹਾ ਇਹ ਟਿੱਪਣੀ ਹਾਲੀਆ ਲੋਕ ਸਭਾ ਚੋਣਾਂ ਦੌਰਾਨ ਆਪਣੀ ਪਤਨੀ ਸੁਨੇਤਰਾ ਅਤੇ ਆਪਣੇ ਚਾਚੇ ਦੀ ਧੀ ਸੁਪ੍ਰਿਆ ਸੂਲੇ ਵਿਚਾਲੇ ਮੁਕਾਬਲੇ ਦੇ ਸੰਬੰਧ 'ਚ ਕੀਤੀ ਹੈ।

ਇੱਕ ਮਹੀਨੇ ਤੋਂ ਵੀ ਘੱਟ ਸਮੇਂ 'ਚ ਇਹ ਦੂਜੀ ਵਾਰ ਹੈ ਜਦੋਂ ਐੱਨ ਸੀ ਪੀ ਆਗੂ ਅਜੀਤ ਪਵਾਰ ਨੇ ਜਨਤਕ ਤੌਰ 'ਤੇ ਇਹ ਗੱਲ ਕਬੂਲੀ ਹੈ ਕਿ ਉਨ੍ਹਾ ਆਪਣੀ ਪਤਨੀ ਨੂੰ ਐੱਨ ਸੀ ਪੀ (ਐੱਸ ਪੀ) ਦੀ ਆਗੂ ਸੁਪ੍ਰਿਆ ਸੂਲੇ (ਸ਼ਰਦ ਪਵਾਰ ਦੀ ਬੇਟੀ) ਖਿਲਾਫ ● ਬਾਕੀ ਸਫ਼ਾ 2 'ਤੇ

ਤ੍ਰਿਣਮੂਲੀਆਂ ਦੇ ਭ੍ਰਿਸ਼ਟਾਚਾਰ ਤੋਂ ਦੁਖੀ ਸਾਂਸਦ ਵੱਲੋਂ ਸਿਆਸਤ ਛੱਡਣ ਦਾ ਫੈਸਲਾ

ਕੋਲਕਾਤਾ : ਤ੍ਰਿਣਮੂਲ ਕਾਂਗਰਸ ਦੇ ਸਾਂਸਦ ਜਵਾਹਰ ਸਿਰਕਾਰ ਨੇ ਐਤਵਾਰ ਪਾਰਟੀ ਪ੍ਰਧਾਨ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਪੱਤਰ ਲਿਖ ਕੇ ਕਿਹਾ ਕਿ ਉਨ੍ਹਾ ਨੇ ਰਾਜ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਅਤੇ ਰਾਜਨੀਤੀ ਛੱਡਣ ਦਾ ਫੈਸਲਾ ਕੀਤਾ ਹੈ। ਸੇਵਾਮੁਕਤ ਆਈ ਏ ਐੱਸ ਅਧਿਕਾਰੀ ਜਵਾਹਰ ਸਰਕਾਰ ਨੇ ਦਾਅਵਾ ਕੀਤਾ ਕਿ ਕੁਝ ਪਾਰਟੀ ਆਗੂਆਂ ਦਾ ਭ੍ਰਿਸ਼ਟਾਚਾਰ 'ਚ ਸ਼ਾਮਲ ਹੋਣਾ ਅਤੇ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਾ ਹੋਣਾ ਉਨ੍ਹਾ ਦੇ ਫੈਸਲੇ ਦਾ ਇੱਕ ਮੁੱਖ ਕਾਰਨ ਹੈ। ਸਿਰਕਾਰ ਨੇ ਪੱਤਰ 'ਚ ਕਿਹਾ—ਆਰ ਜੀ ਕਰ ਹਸਪਤਾਲ 'ਚ ਇੱਕ ਟ੍ਰੇਨੀ ਡਾਕਟਰ ਨਾਲ ਕਥਿਤ ਜਬਰ-ਜਨਾਹ ਤੇ ਕਤਲ ਤੋਂ ਬਾਅਦ, ਮੈਂ ਇੱਕ ਮਹੀਨੇ ਤੱਕ ਸਬਰ ਕੀਤਾ ਅਤੇ ਉਮੀਦ ਕਰ ਰਿਹਾ ਸੀ ਕਿ ਤੁਸੀਂ (ਮਮਤਾ ਬੈਨਰਜੀ) ਆਪਣੇ ਪੁਰਾਣੇ ਅੰਦਾਜ਼ 'ਚ ਅੰਦੋਲਨ ਦਾ ਸਮਰਥਨ ਕਰੋਗੇ। ਜੂਨੀਅਰ ਡਾਕਟਰਾਂ ਨਾਲ ਸਿੱਧੀ ਗੱਲ ਕਰੋਗੇ। ਪਰ ਅਜਿਹਾ ਨਹੀਂ ਹੋਇਆ ਅਤੇ ਸਰਕਾਰ ਹੁਣ ਜੋ ਵੀ ਦੰਡਕਾਰੀ ਕਦਮ ਚੁੱਕ ਰਹੀ ਹੈ, ਉਹ ਨਾਕਾਫੀ ਹਨ ਤੇ ਇਹ ਬਹੁਤ ਦੇਰੀ ਨਾਲ ਚੁੱਕੇ ਜਾ ਰਹੇ ਹਨ।

ਫੋਗਾਟ ਨਿਕਲੀ ਚੋਣ ਪ੍ਰਚਾਰ 'ਤੇ

ਚੰਡੀਗੜ੍ਹ : ਭਲਵਾਨ ਤੇ ਹਰਿਆਣਾ ਦੇ ਜੁਲਾਨਾ ਅਸੰਬਲੀ ਹਲਕੇ ਤੋਂ ਕਾਂਗਰਸ ਉਮੀਦਵਾਰ ਵਿਨੇਸ਼ ਫੋਗਾਟ ਨੇ ਐਤਵਾਰ ਚੋਣ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਉਹ ਲੋਕਾਂ ਦੇ ਅਸ਼ੀਰਵਾਦ ਨਾਲ ਹਰ ਲੜਾਈ ਜਿੱਤੇਗੀ। 30 ਸਾਲਾ ਫੋਗਾਟ ਜਦੋਂ ਜੁਲਾਨਾ ਪੁੱਜੀ ਤਾਂ ਵੱਖ-ਵੱਖ ਖਾਪਾਂ ਦੇ ਮੈਂਬਰਾਂ ਤੇ ਨੌਜਵਾਨਾਂ ਨੇ ਉਸਨੂੰ ਹਾਰਾਂ ਨਾਲ ਲੱਦ ਦਿੱਤਾ ਅਤੇ ਬਜ਼ੁਰਗ ਮਹਿਲਾਵਾਂ ਤੇ ਮਰਦਾਂ ਨੇ ਅਸ਼ੀਰਵਾਦ ਦਿੱਤਾ। ਹਮਾਇਤੀਆਂ ਨੇ ਢੋਲ ਦੀ ਥਾਪ 'ਤੇ ਵਿਨੇਸ਼ ਫੋਗਾਟ ਜ਼ਿੰਦਾਬਾਦ ਦੇ ਨਾਅਰੇ ਲਾਏ। ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਬਾ

9-SEP-PAGE-1.qxd 9/8/2024 9:37 PM Page 2

'ਆਪ' ਨੇ ਆਮ ਆਦਮੀ 'ਤੇ ਪਾਇਆ ਟੈਕਸਾਂ ਦਾ ਭਾਰੀ ਬੋਝ : ਡਾ. ਹਰਜੋਤ ਕਮਲ

ਮੋਗਾ (ਇਕਬਾਲ ਸਿੰਘ ਖਹਿਰਾ)-ਪਹਿਲਾਂ ਗ੍ਰੀਨ ਟੈਕਸ ਦੇ ਨਾਮ 'ਤੇ ਅਤੇ ਹੁਣ ਬਿਜਲੀ ਦਰਾਂ 'ਚ ਵਾਧਾ ਤੇ ਬਿਜਲੀ ਦੀ ਸਬਸਿਡੀ ਨੂੰ ਖ਼ਤਮ ਕਰਨ ਤੋਂ ਇਲਾਵਾ ਡੀਜ਼ਲ-ਪੈਟਰੋਲ ਦੇ ਰੇਟਾਂ ਵਿੱਚ ਵਾਅਦਾ ਕਰਨ ਦੇ ਫੈਸਲੇ ਨੇ ਆਮ ਆਦਮੀ ਦਾ ਗਲਾ ਘੁੱਟ ਦਿੱਤਾ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਆਸ ਉਮੀਦ ਲਗਾਈ ਬੈਠੇ ਲੋਕ ਹੁਣ ਆਪਣੇ ਆਪ ਨੂੰ ਠੱਗਿਆ ਤੇ ਦਿਨ ਪ੍ਰਤੀ ਦਿਨ ਲੁੱਟਿਆ ਮਹਿਸੂਸ ਕਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੋਗਾ ਤੋਂ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਵਿਧਾਇਕ ਤੇ ਪੰਜਾਬ ਦੇ ਸੈਕਟਰੀ ਡਾ. ਹਰਜੋਤ ਕਮਲ ਨੇ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਨੇ ਭਾਰੀ ਗਿਣਤੀ ਵਿੱਚ ਇਸ ਆਸ ਉਮੀਦ ਨਾਲ ਆਪ ਪਾਰਟੀ ਨੂੰ ਵੋਟਾਂ ਪਾਈਆਂ ਸਨ ਕਿ ਉਨ੍ਹਾਂ ਨੂੰ ਕੁਝ ਰਾਹਤ ਮਿਲੇਗੀ, ਪਰ ਆਪ ਪਾਰਟੀ ਤੋਂ ਤਾਂ ਇਨ੍ਹਾਂ ਦੇ ਵਿਧਾਇਕ ਵੀ ਨਾਰਾਜ਼ ਚੱਲ ਰਹੇ ਹਨ ਅਤੇ ਹੁਣ ਲੋਕਾਂ ਨੂੰ ਵੀ ਇਨ੍ਹਾਂ ਦੀਆਂ ਮਾਰੂ ਨੀਤੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਡਾ. ਹਰਜੋਤ ਕਮਲ ਨੇ ਕਿਹਾ ਕਿ ਪੰਜਾਬ ਦੀ ਕੈਬਿਨਟ ਮੀਟਿੰਗ ਵਿੱਚ ਕੋਈ ਵੀ ਫੈਸਲਾ ਲੋਕਾਂ ਨੂੰ ਰਾਹਤ ਦੇਣ ਵਾਲਾ ਨਹੀਂ ਆਇਆ ਤੇ ਲੋਕ ਵੀ ਇਹ ਮਹਿਸੂਸ ਕਰ ਲੱਗ ਪਏ ਹਨ ਕਿ ਪੰਜਾਬ ਵਿੱਚ ਆਪ ਪਾਰਟੀ ਨੂੰ ਮੌਕਾ ਦੇ ਕੇ ਉਨ੍ਹਾਂ ਬਹੁਤ ਵੱਡੀ ਗਲਤੀ ਕੀਤੀ ਹੈ। ਡਾ. ਹਰਜੋਤ ਕਮਲ ਨੇ ਕਿਹਾ ਕਿ ਹੁਣ ਲੋਕ ਬਦਲਾਵ ਵਾਲਿਆਂ ਦਾ ਬਦਲਾਵ ਕਰਨ ਲਈ ਬਿਲਕੁਲ ਤਿਆਰ ਬਰ ਤਿਆਰ ਬੈਠੇ ਹਨ ਤੇ ਆਉਣ ਵਾਲੀ ਚੋਣਾਂ ਵਿੱਚ ਆਪ ਪਾਰਟੀ ਨੂੰ ਲੋਕਾਂ ਦੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਵੇਗਾ ਅਤੇ ਲੋਕ ਇਸ ਸਰਕਾਰ ਨੂੰ ਧੁਰੋਂ ਨਾਕਾਰ ਕੇ ਲੋਕਾਂ ਦੇ ਹਿੱਤਾਂ ਲਈ ਲੋਕ ਭਲਾਈ ਸਕੀਮਾਂ ਲਿਆਉਣ ਵਾਲੀ ਭਾਜਪਾ ਦੀ ਸਰਕਾਰ ਨੂੰ ਬਣਾਉਣਗੇ। ਉਨ੍ਹਾ ਕਿਹਾ ਕਿ ਆਪ ਪਾਰਟੀ ਦੇ ਸਤਾਏ ਹੋਏ ਲੋਕਾਂ ਲਈ ਹੁਣ ਭਾਜਪਾ ਹੀ ਰਾਹਤ ਦੀ ਆਸ ਨਜ਼ਰ ਆ ਰਹੀ ਹੈ ਅਤੇ ਲੋਕ ਭਾਜਪਾ ਪਾਰਟੀ ਨਾਲ ਜੁੜ ਰਹੇ ਹਨ।

ਬਲੌਜ਼ਮਜ਼ ਕਾਨਵੈਂਟ ਦੇ ਵਿਦਿਆਰਥੀ ਖੇਡਣਗੇ ਸਟੇਟ ਪੱਧਰੀ ਖੇਡਾਂ

ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)-ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਤੇ ਵਿਦਿਆਰਥਣਾਂ ਵੱਲੋਂ ਬੀਤੇ ਦਿਨੀਂ ਜੋਨ ਤੋਂ ਜ਼ਿਲ੍ਹੇ ਲੈਵਲ ਤੱਕ ਦੀਆਂ ਹੋਈਆਂ ਖੇਡਾਂ ਵਿੱਚ ਮੱਲਾਂ ਮਾਰਦੇ ਹੋਏ ਸਟੇਟ ਪੱਧਰ ਤੱਕ ਆਪਣੇ ਨਾਮ ਸਥਾਪਤ ਕਰ ਦਿੱਤੇ ਹਨ, ਜਿਸ ਵਿੱਚ ਗੁਰਸਿਮਰ ਕੌਰ ਅੰਡਰ-14 ਤੇ ਜੈਸਮੀਨ ਪਨੇਸਰ, ਰਿਸ਼ਮਇੰਦਰਪ੍ਰੀਤ ਕੌਰ ਅੰਡਰ-17 ਦੀ ਵਾਲੀਬਾਲ ਦੀ ਟੀਮ ਵਿੱਚ ਚੁਣੀਆਂ ਗਈਆਂ। ਮੁੰਡਿਆਂ ਦੀ ਅੰਡਰ-19 ਵਾਲੀਬਾਲ ਦੀ ਟੀਮ ਅਰਵਿੰਦ ਸਿੰਘ ਸਟੇਟ ਪੱਧਰ 'ਤੇ ਚੁਣਿਆ ਗਿਆ। ਇਸ ਦੇ ਨਾਲ ਹੀ ਅੰਡਰ-14 ਕੁਸ਼ਤੀ ਮੁਕਾਬਲਿਆਂ ਵਿੱਚ ਗੁਰਸ਼ਾਨ ਸਿੰਘ ਸਟੇਟ ਪੱਧਰ ਲਈ ਚੁਣਿਆ ਗਿਆ। ਇੰਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਡਾਕਟਰ ਅਮਰਜੀਤ ਕੌਰ ਨਾਜ਼ ਨੇ ਕਿਹਾ ਕਿ ਇਨ੍ਹਾਂ ਦੀ ਅਣਥੱਕ ਮਿਹਨਤ ਨੇ ਅੱਜ ਇਨ੍ਹਾਂ ਵਿਦਿਆਰਥੀਆਂ ਨੂੰ ਵੱਡੇ ਮੈਦਾਨਾਂ ਦੇ ਖਿਡਾਰੀ ਬਣਾ ਦਿੱਤਾ ਹੈ ਤੇ ਅਸੀਂ ਬਹੁਤ ਜਲਦ ਦੇਖਾਂਗੇ ਕਿ ਇਹ ਵਿਦਿਆਰਥੀ ਸਟੇਟ ਤੋਂ ਨੈਸ਼ਨਲ ਖੇਡਾਂ ਵਿੱਚ ਬਹੁਤ ਜਲਦੀ ਨਜ਼ਰ ਆਉਣਗੇ। ਉਨ੍ਹਾਂ ਸਕੂਲ ਦੇ ਕੋਚ ਮਿ: ਅਮਨਦੀਪ ਸਿੰਘ ਤੇ ਦਲਜੀਤ ਕੌਰ ਨੂੰ ਵੀ ਵਧਾਈ ਦਿੱਤੀ, ਜਿਨ੍ਹਾਂ ਨੇ ਇਨ੍ਹਾਂ ਵਿਦਿਆਰਥੀਆਂ ਦੀ ਚੋਣ ਕਰਕੇ ਸਹੀ ਦਿਸ਼ਾ ਨਿਰਦੇਸ਼ ਦਿੱਤੇ, ਜੋ ਅੱਜ ਇਹ ਵਿਦਿਆਰਥੀ ਇਸ ਮੁਕਾਮ 'ਤੇ ਪਹੁੰਚੇ ਹਨ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ ਤੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਨੇ ਵੀ ਇਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਦੇ ਪਾਤਰ ਦੱਸਿਆ। ਸਕੂਲ ਦੇ ਵਾਈਸ ਪ੍ਰਿੰਸੀਪਲ ਮਿਸਿਜ ਰੰਜਨਾ ਕੌਸ਼ਲ ਨੇ ਇਨ੍ਹਾਂ ਵਿਦਿਆਰਥੀਆਂ ਨਾਲ ਇੱਕ ਯਾਦਗਾਰ ਤਸਵੀਰ ਖਿਚਵਾਈ।

ਪੰਜਗਰਾਈਆਂ ਦਾ ਦੰਗਲ ਮੇਲਾ ਬਿੱਲੂ ਹੁਸ਼ਿਆਰਪੁਰ ਨੇ ਜਿੱਤਿਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਪੰਜਗਰਾਈਆਂ ਵਿਖੇ ਦੰਗਲ ਮੇਲਾ ਇਲਾਕਾ ਨਿਵਾਸੀਆਂ ਤੇ ਐੱਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ, ਜਿਸ ਵਿੱਚ 110 ਤੋਂ ਵੱਧ ਪਹਿਲਵਾਨਾਂ ਨੇ ਆਪਣੇ ਜੌਹਰ ਦਿਖਾਏ। ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਦੰਗਲ ਮੇਲੇ 'ਚ ਪਹਿਲੀ ਝੰਡੀ ਦੀ ਕੁਸ਼ਤੀ ਬਿੱਲੂ ਹੁਸ਼ਿਆਰਪੁਰ ਤੇ ਇਬਰਾਹਿਮ ਬਾਬਾ ਫਲਾਹੀ ਵਿਚਕਾਰ ਹੋਈ, ਜਿਸ ਵਿੱਚ ਬਿੱਲੂ ਹੁਸ਼ਿਆਰਪੁਰ ਜੇਤੂ ਰਿਹਾ। ਦੂਜੀ ਝੰਡੀ ਦੀ ਕੁਸ਼ਤੀ 'ਚ ਬੌਬੀ ਖੰਨਾ ਨੇ ਲੱਕੀ ਗਰਚਾ ਨੂੰ ਚਿੱਤ ਕੀਤਾ। ਪ੍ਰਬੰਧਕਾਂ ਵੱਲੋਂ ਪਹਿਲਵਾਨਾਂ ਨੂੰ ਸੋਨੇ ਦੀਆਂ ਮੁੰਦਰੀਆਂ ਤੇ ਨਕਦ ਇਨਾਮਾਂ ਨਾਲ ਨਿਵਾਜਿਆ ਗਿਆ। ਇਸ ਤੋਂ ਇਲਾਵਾ ਰਣਜੀਤ ਸਿੰਘ ਜੀਤਾ ਜਾਤੀਵਾਲ ਤੇ ਫੁੱਟਬਾਲ ਖਿਡਾਰੀ ਗੋਲਕੀਪਰ ਹਨੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸੁੱਖਾ ਪਹਿਲਵਾਨ ਟਾਂਡਾ, ਸਾਬਕਾ ਸਰਪੰਚ ਅਮਰੀਕ ਸਿੰਘ, ਪ੍ਰਧਾਨ ਅਮਨਦੀਪ ਸਿੰਘ, ਸਰਪੰਚ ਸਿਮਰ ਚੰਦ, ਸੇਵਾਦਾਰ ਭਿੰਦਰ ਰਾਮ ਖਾਨਪੁਰ, ਰਣਜੀਤ ਸਿੰਘ ਜੀਤਾ, ਸਰਪੰਚ ਰਣਜੀਤ ਸਿੰਘ ਜਾਤੀਵਾਲ, ਡਾ. ਸ਼ਿੰਦਾ, ਕੁਲਵਿੰਦਰ ਚੰਦ ਰੂਪਾ, ਸੁਖਵਿੰਦਰ ਕਾਲਾ, ਸ਼ੀਤਲ ਸਿੰਘ, ਥਾਣੇਦਾਰ ਮਹਿੰਗਾ ਸਿੰਘ, ਕਰਮਜੀਤ ਸਿੰਘ, ਬਿੱਟੂ ਸਰਪੰਚ ਖਾਨਪੁਰ, ਰਾਜਨ ਸਰਪੰਚ ਉਧੋਵਾਲ ਕਲਾਂ, ਚਾਂਦੀ ਰਾਮ, ਹਨੀ ਪੰਜਗਰਾਈਆਂ, ਸਰਪੰਚ ਬਲਦੇਵ ਸਿੰਘ, ਜਸਪ੍ਰੀਤ ਸਿੰਘ ਆਦਿ ਮੌਜੂਦ ਸਨ। ਮੇਲੇ ਦਾ ਅੱਖੀਂ ਡਿੱਠਾ ਹਾਲ ਆਲਮ ਖੇੜੀ ਨੇ ਬਾਖੂਬੀ ਸੁਣਾਇਆ।

ਜਨਹਿੱਤ ਸਮਿਤੀ ਵੱਲੋਂ ਮੈਡੀਕਲ ਜਾਂਚ ਕੈਂਪ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਜਨਹਿਤ ਸਮਿਤੀ ਪਟਿਆਲਾ ਵੱਲੋਂ ਬਾਰਾਂਦਰੀ ਗਾਰਡਨ ਪਟਿਆਲਾ ਵਿਖੇ ਪਟਿਆਲਾ ਹਾਰਟ ਇਸਟੀਚਿਊਟ ਮਲਟੀ ਸਪੈਸ਼ਲਟੀ ਹਸਪਤਾਲ ਸਹਿਯੋਗ ਨਾਲ ਮਿਲ ਕੇ ਮੈਡੀਕਲ ਜਾਂਚ ਕੈਂਪ ਲਗਾਇਆ ਗਿਆ।ਇਸ ਮੌਕੇ ਵੱਡੀ ਗਿਣਤੀ 'ਚ ਸੈਰ ਪ੍ਰੇਮੀਆਂ ਨੇ ਆਪਣੇ ਟੈਸਟ ਕਰਵਾਏ।ਇਸ ਮੌਕੇ ਮੁੱਖ ਮਹਿਮਾਨ ਦੇ ਰੂਪ ਵਿੱਚ ਡਾਕਟਰ ਜੀ ਐੱਸ ਅੰਨਦ ਸਾਬਕਾ ਡਾਇਰੈਕਟਰ ਐੱਨ ਆਈ ਐੱਸ ਵੱਲੋਂ ਸ਼ਿਰਕਤ ਕੀਤੀ ਗਈ।ਉਨ੍ਹਾਂ ਦੱਸਿਆ ਕਿ ਹੁਣ ਸਮਾਜ ਨੂੰ ਮੈਡੀਕਲ ਸੇਵਾਵਾਂ ਦੀ ਲੋੜ ਹੈ, ਜਨਹਿੱਤ ਸਮਿਤੀ ਦਾ ਉਪਰਾਲਾ ਬਹੁਤ ਵੱਡਾ ਤੇ ਲਾਭਕਾਰੀ ਹੈ, ਕਿਉਂਕਿ ਨਿਯਮਤ ਰੂਪ 'ਚ ਸਰੀਰਕ ਜਾਂਚ ਕਰਵਾਉਣਾ ਸਿਹਤਮੰਦ ਤੇ ਲੰਬੀ ਜ਼ਿੰਦਗੀ ਜਿਊਣ ਲਈ ਜ਼ਰੂਰੀ ਹੈ।ਇਸ ਮੌਕੇ ਵਿਸ਼ੇਸ਼ ਮਹਿਮਾਨ ਜਸਵਿੰਦਰ ਗਰੇਵਾਲ ਐਡਵੋਕੇਟ ਨੇ ਸੰਸਥਾ ਨੂੰ ਇਸ ਕੈਂਪ ਲਈ ਮੁਬਾਰਕਾਂ ਦਿੱਤੀਆਂ। ਸਮਾਜ ਸੇਵੀ ਸਮਰਜੀਤ ਗੋਇਲ ਨੇ ਦੱਸਿਆ ਕਿ ਸੰਸਥਾ ਜਨਹਿਤ ਸਮਿਤੀ ਵੱਲੋਂ ਹਰ ਮਹੀਨੇ ਤਿੰਨ ਵਾਰ ਅਜਿਹੇ ਮੈਡੀਕਲ ਜਾਂਚ ਕੈਂਪ ਏਥੇ ਮੁਫਤ ਲਗਾਏ ਜਾਂਦੇ ਹਨ।ਅੱਜ ਦੇ ਕੈਂਪ ਵਿੱਚ ਸ਼ੂਗਰ, ਬਲੱਡ ਪ੍ਰੈਸ਼ਰ ਤੇ ਡਾਇਟ ਸਬੰਧੀ ਚੈੱਕਅਪ ਕੀਤੇ ਗਏ।ਇਸ ਮੌਕੇ ਸੰਸਥਾ ਦੇ ਜਨਰਲ ਸਕੱਤਰ ਵਿਨੋਦ ਸ਼ਰਮਾ ਵੱਲੋਂ ਸੰਸਥਾ ਦੇ ਕੰਮਾਂ ਬਾਰੇ ਦੱਸਿਆ ਗਿਆ।ਇਸ ਮੌਕੇ ਜੀ ਐੱਸ ਬੇਦੀ, ਡਾਕਟਰ ਗਗਨ, ਮੈਡਮ ਕਵਿਤਾ, ਚਮਨ ਲਾਲ ਗਰਗ, ਡੀ ਪੀ ਸਿੰਘ, ਉੱਘੇ ਪੱਤਰਕਾਰ ਜਸਵੀਰ ਸਿੰਘ, ਵਿਨੇ ਸ਼ਰਮਾ, ਚਮਨ ਲਾਲ ਗੋਇਲ, ਜਸਵੰਤ ਸਿੰਘ ਕੋਲੀ, ਰੋਹਿਤ ਕੁਮਾਰ, ਪਾਰਸ, ਸੁਰਿੰਦਰ ਸਿੰਘ ਤੇ ਹੋਰ ਸੈਰ ਪ੍ਰੇਮੀ ਸ਼ਾਮਲ ਹੋਏ।

ਥਰਮਲ ਪਲਾਂਟ ਦੇ ਪੈਨਸ਼ਨਰਾਂ ਮੀਟਿੰਗ ਦੌਰਾਨ ਵਿਚਾਰੇ ਮਸਲੇ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਬਠਿੰਡਾ ਪੈਨਸ਼ਨਰ ਐਸੋਸੀਏਸ਼ਨ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੀ ਮਹੀਨਾਵਾਰ ਮੀਟਿੰਗ ਭੋਲਾ ਸਿੰਘ ਮਲੂਕਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਥਰਮਲ ਪਲਾਂਟ ਦੇ ਵੱਡੀ ਗਿਣਤੀ ਪੈਨਸ਼ਨਰਾਂ ਨੇ ਭਾਗ ਲਿਆ ਤੇ ਆਪਣੀਆਂ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਪ੍ਰਧਾਨ ਭੋਲਾ ਸਿੰਘ ਮਲੂਕਾ ਨੇ ਪੈਨਸ਼ਨਰਾਂ ਦੀ ਕਮਿਊਟੇਸ਼ਨ ਰਿਕਵਰੀ ਸਬੰਧੀ ਚੱਲ ਰਹੇ ਕੇਸ ਬਾਰੇ ਚਾਨਣਾ ਪਾਇਆ।ਉਨ੍ਹਾ ਦੱਸਿਆ ਕਿ 29 ਅਗਸਤ ਨੂੰ ਪੰਜਾਬ ਸਰਕਾਰ ਤੇ ਪਾਵਰਕਾਮ ਵੱਲੋਂ ਰਿਕਵਰੀ 10 ਸਾਲ ਬਾਅਦ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ, ਜਿਸ ਲਈ ਸਾਰੇ ਪੈਨਸ਼ਨਰ ਵਧਾਈ ਦੇ ਪਾਤਰ ਹਨ।ਉਨ੍ਹਾਂ ਕਿਹਾ ਕਿ ਥਰਮਲ ਪਲਾਂਟ ਦੇ ਪੈਨਸ਼ਨਰਾਂ ਦੀਆਂ ਮੰਗਾਂ ਪਿਛਲੇ ਲੰਬੇ ਸਮੇਂ ਤੋਂ ਲਟਕ ਰਹੀਆਂ ਹਨ, ਪਰ ਪਾਵਰਕਾਮ ਦੀ ਮੈਨੇਜਮੈਂਟ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ।ਉਨ੍ਹਾਂ ਮੰਗ ਕੀਤੀ ਕਿ 2.59 ਦਾ ਫੈਕਟਰ, 25 ਸਾਲ ਦੀ ਸੇਵਾ ਕਰਨ ਉਪਰੰਤ 33 ਸਾਲ ਦੇ ਲਾਭ ਲੈਣ ਲਈ ਪ੍ਰਵੀਜ਼ਨ ਤੇ ਡੀ ਏ ਦੇ ਬਕਾਏ ਦੇਣ ਦੀ ਮੰਗ ਕੀਤੀ। ਐਸੋਸੀਏਸ਼ਨ ਦੇ ਕਨਵੀਨਰ ਸੁਖਰਾਮ ਸਿੰਘ ਪਰਮਾਰ, ਗੁਰਚਰਨ ਸਿੰਘ ਪ੍ਰਚਾਰ ਸਕੱਤਰ, ਬਾਬੂ ਰਾਮ ਕੈਸ਼ੀਅਰ ਨੇ ਵੀ ਪੈਨਸ਼ਨਰਾਂ ਨੂੰ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਤੇ ਪਾਵਰਕਾਮ ਨੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਉਹ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

80 ਲੱਖ ਰੁਪਏ ਚੋਰੀ ਕਰਨ ਦੇ ਦੋਸ਼ ਹੇਠ ਪੰਜ ਵਿਅਕਤੀਆਂ ਵਿਰੁੱਧ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਕਰੀਬ 80 ਲੱਖ ਰੁਪਏ ਦੀ ਚੋਰੀ ਦੇ ਕਥਿਤ ਮਾਮਲੇ 'ਚ ਪੜਤਾਲ ਮਗਰੋਂ ਮੰਡੀ ਗੋਬਿੰਦਗੜ੍ਹ ਪੁਲਿਸ ਵੱਲੋਂ ਚੋਰੀ ਤੇ ਸਾਜ਼ਿਸ਼ ਰਚਣ ਜਿਹੇ ਗੰਭੀਰ ਦੋਸ਼ਾਂ ਤਹਿਤ ਪੰਜ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਦਿੱਤੀ ਦਰਖਾਸਤ 'ਚ ਅਸ਼ੋਕ ਕੁਮਾਰ ਨਾਮਕ ਵਿਅਕਤੀ ਨੇ ਦੋਸ਼ ਲਾਏ ਸਨ ਕਿ ਮਨੀਸ਼ ਕੁਮਾਰ, ਜੋ ਉਸ ਕੋਲ ਬਤੌਰ ਦਫ਼ਤਰ ਇੰਚਾਰਜ ਕੰਮ ਕਰਦਾ ਸੀ ਨੇ ਇੱਕ ਸਾਜ਼ਿਸ਼ ਦੇ ਤਹਿਤ ਦੀਪਕ ਕੁਮਾਰ ਬਾਂਸਲ, ਅਰੁਣ ਕੁਮਾਰ ਬਾਂਸਲ, ਹਰਸ਼ ਤੇ ਜਸ਼ਨ ਨਾਲ ਹਮਮਸ਼ਵਰਾ ਹੋ ਕੇ ਉਸ ਦੇ ਦਫ਼ਤਰ ਵਿੱਚੋਂ ਕਰੀਬ 80 ਲੱਖ ਰੁਪਏ ਦੀ ਨਕਦੀ ਚੋਰੀ ਕਰ ਲਈ।ਦਰਖਾਸਤ ਦੀ ਪੜਤਾਲ ਸੀ.ਆਈ.ਏ. ਸਟਾਫ਼ ਸਰਹਿੰਦ ਵੱਲੋਂ ਕੀਤੀ ਗਈ।ਪੜਤਾਲ ਕਰਾਉਣ ਉਪਰੰਤ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਮਾਮਲੇ 'ਚ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਦੀਪਕ ਕੁਮਾਰ ਬਾਂਸਲ, ਅਰੁਣ ਬਾਂਸਲ ਵਾਸੀਆਨ ਪੰਚਕੂਲਾ, ਹਰਸ਼, ਜਸ਼ਨ ਤੇ ਮਨੀਸ਼ ਕੁਮਾਰ ਵਿਰੁੱਧ ਅ/ਧ 380, 406, 408, 120-ਬੀ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

ਬੁਨਿਆਦੀ ਢਾਂਚਾ, ਲੈਬ, ਖੇਡ ਮੈਦਾਨਾਂ ਨਾਲ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ : ਵਿਧਾਇਕ

ਲੁਧਿਆਣਾ (ਰਾਜ ਸਿੰਗਲਾ)-ਵਿਧਾਨ ਸਭਾ ਹਲਕਾ ਲੁਧਿਆਣਾ (ਕੇਂਦਰੀ) ਤੋਂ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਕਿਦਵਈ ਨਗਰ ਤੇ ਮਿਲਰਗੰਜ ਵਿੱਚ ਆਗਾਮੀ ਦੋ ਸਕੂਲ ਆਫ਼ ਐਮੀਨੈਂਸ ਦੀ ਪ੍ਰਗਤੀ ਦਾ ਨਿਰੀਖਣ ਕੀਤਾ।ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ ਵਿਧਾਇਕ ਤੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਐਸ.ਓ.ਈ. ਨੂੰ ਸਮਾਰਟ ਕਲਾਸ ਰੂਮ, ਆਧੁਨਿਕ ਬੁਨਿਆਦੀ ਢਾਂਚਾ, ਲੈਬ, ਸੀ.ਸੀ.ਟੀ.ਵੀ. ਨਿਗਰਾਨੀ ਅਤੇ ਵੱਖ-ਵੱਖ ਖੇਡਾਂ ਲਈ ਖੇਡ ਦੇ ਮੈਦਾਨਾਂ ਨਾਲ ਲੈਸ ਕੀਤਾ ਜਾਵੇਗਾ।ਕਿਦਵਈ ਨਗਰ ਵਿੱਚ ਐਸ.ਓ.ਈ. ਨਗਰ ਸੁਧਾਰ ਟਰੱਸਟ, ਲੁਧਿਆਣਾ ਵੱਲੋਂ ਬਣਾਇਆ ਜਾ ਰਿਹਾ ਹੈ, ਜਦਕਿ ਦੂਜਾ ਐਸ.ਓ.ਈ. ਲੋਕ ਨਿਰਮਾਣ ਵਿਭਾਗ ਵੱਲੋਂ ਬਣਾਇਆ ਜਾ ਰਿਹਾ ਹੈ।ਸਕੂਲ ਆਫ਼ ਐਮੀਨੈਂਸ ਪ੍ਰੋਗਰਾਮ ਦੇ ਮਿਸ਼ਨ ਦਾ ਉਦੇਸ਼ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਤੇ ਉੱਜਵਲ ਭਵਿੱਖ ਲਈ ਸਿੱਖਿਆ ਖੇਤਰ ਵਿੱਚ ਕ੍ਰਾਂਤੀ ਲਿਆਉਣਾ ਹੈ।ਵਿਧਾਇਕ ਪੱਪੀ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਤੇ ਸਿਹਤ ਖੇਤਰ ਵਿੱਚ ਮਿਆਰੀ ਸੇਵਾਵਾਂ ਦੇਣ ਨੂੰ ਤਰਜੀਹ ਦੇ ਰਹੀ ਹੈ।ਉਨ੍ਹਾਂ ਕਿਹਾ ਕਿ ਐਸ.ਓ.ਈ. ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤਾ ਗਿਆ ਇੱਕ ਉਤਸ਼ਾਹੀ ਪ੍ਰੋਗਰਾਮ ਹੈ ਅਤੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਬਕਾਇਆ ਕੰਮਾਂ ਨੂੰ ਜਲਦ ਪੂਰਾ ਕਰਨ ਲਈ ਸੁਹਿਰਦ ਯਤਨ ਕਰਨ।

ਦੇਵ ਮਾਨ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਦਾ ਮੌ

9-SEP-PAGE-3-Majha-Doaba-24.qxd 9/8/2024 9:48 PM Page 1

ਪ੍ਰਸ਼ਾਸਨ ਵੱਲੋਂ ਵਿਆਹ ਪੁਰਬ ਦੇ ਸਬੰਧ 'ਚ ਚਲ ਰਹੀਆਂ ਤਿਆਰੀਆਂ ਨੂੰ ਦਿੱਤੀਆਂ ਅੰਤਿਮ ਛੋਹਾਂ

ਬਟਾਲਾ (ਡਾ. ਮਲਵਿੰਦਰ ਸਿੰਘ)-ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੇ ਸਬੰਧ ਵਿੱਚ ਕੀਤੀਆਂ ਗਈਆਂ ਤਿਆਰੀਆਂ ਦਾ ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਵਲੋਂ ਜਾਇਜ਼ਾ ਲਿਆ ਗਿਆ ਅਤੇ ਨਗਰ ਕੀਰਤਨ ਦੇ ਰੂਟ ਸਮੇਤ ਸ਼ਹਿਰ ਦਾ ਦੌਰਾ ਕਰਕੇ ਕੀਤੇ ਗਏ ਕਾਰਜਾਂ ਦਾ ਨਿਰੀਖਣ ਕੀਤਾ।ਇਸ ਮੌਕੇ ਐੱਸ. ਐੱਸ.ਪੀ ਸੁਹੇਲ ਕਾਸਿਮ ਮੀਰ, ਡਾ. ਸ਼ਾਇਰੀ ਭੰਡਾਰੀ ਐੱਸ. ਡੀ. ਐੱਮ-ਕਮ-ਕਮਿਸ਼ਨਰ, ਨਗਰ ਨਿਗਮ, ਜਸਵੰਤ ਕੌਰ ਐੱਸ.ਪੀ (ਐੱਚ) ਵੀ ਮੋਜੂਦ ਸਨ।ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਵਿਆਹ ਪੁਰਬ ਦੇ ਸਮਾਗਮ ਵਿੱਚ ਬਟਾਲਾ ਵਿਖੇ ਵੱਡੀ ਗਿਣਤੀ ਵਿੱਚ ਦੇਸ਼-ਵਿਦੇਸ਼ ਤੋਂ ਸੰਗਤਾਂ ਆਉਂਦੀਆਂ ਹਨ ਅਤੇ ਉਨ੍ਹਾਂ ਦੀਆਂ ਸਹੂਲਤ ਅਤੇ ਆਵਾਜਾਈ ਆਦਿ ਨੂੰ ਮੁੱਖ ਰੱਖਦਿਆਂ ਸੁਚੱਜੇ ਪ੍ਰਬੰਧ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਦੇ ਰੂਟ ਦਾ ਨਿਰੀਖਣ ਕੀਤਾ ਗਿਆ ਹੈ ਤੇ ਵੱਖ-ਵੱਖ ਸਬੰਧਤ ਅਧਿਕਾਰੀਆਂ ਨੂੰ ਰਹਿੰਦੇ ਵਿਕਾਸ ਕੰਮ ਮੁਕੰਮਲ ਕਰਨ ਦੇ ਨਿਰਦੇਸ਼-ਦਿੱਤੇ ਗਏ।ਉਨ੍ਹਾਂ ਕਿਹਾ ਵਿਆਹ ਪੁਰਬ ਦੇ ਸਮਾਗਮ ਪੂਰੇ ਉਤਸ਼ਾਹ ਤੋ ਜਾਹੋ ਜਲਾਲ ਨਾਲ ਮਨਾਏ ਜਾਣਗੇ।ਇਸ ਮੌਕੇ ਤਹਿਸੀਲਦਾਰ ਜਗਤਾਰ ਸਿੰਘ, ਨਾਇਬ ਤਹਿਸੀਲਦਾਰ ਅਭਿਸ਼ੇਕ ਵਰਮਾ, ਡੀਐੱਸਪੀ ਸਿਟੀ ਸੰਜੀਵ ਕੁਮਾਰ, ਐੱਸ.ਡੀ.ਓ. ਨਿਰਮਲ ਸਿੰਘ, ਜੀਈ ਉੱਪਲ, ਆਪ ਪਾਰਟੀ ਦੇ ਸੀਨੀਅਰ ਆਗੂ ਯਸ਼ਪਾਲ ਚੌਹਾਨ, ਬਲਬੀਰ ਸਿੰਘ ਬਿੱਟੂ, ਰਾਜੀਵ ਵਿੱਗ, ਮੈਂਬਰ ਮਨਜੀਤ ਸਿੰਘ ਭੁੱਲਰ, ਬੰਟੀ ਟਰੇਂਡਜ਼ ਵਾਲੇ, ਗੁਰਪ੍ਰੀਤ ਸਿੰਘ ਰਾਜੂ, ਅਜੇ ਕੁਮਾਰ, ਮਨਜੀਤ ਸਿੰਘ ਬੁਮਰਾਹ, ਗੁਰਜੀਤ ਸਿੰਘ, ਤਿਲਕ ਰਾਜ, ਰਜਿੰਦਰ ਜੰਬਾ, ਨਵਦੀਪ ਸਿੰਘ, ਮਲਕੀਤ ਸਿੰਘ, ਨਿੱਕੂ ਹੰਸ ਪਾਲ, ਗਗਨ ਬਟਾਲਾ, ਦਵਿੰਦਰ ਸਿੰਘ ਤੇ ਮਾਣਿਕ ਮਹਿਤਾ ਆਦਿ ਹਾਜ਼ਰ ਸਨ।

ਮੈਡੀਕਲ ਸਟੋਰ ਦੀ ਕੰਧ ਪਾੜ ਕੇ ਚੋਰੀ

ਕਲਾਨੌਰ (ਮਨਦੀਪ ਕੋਹਲੀ)-ਕਲਾਨੌਰ ਵਿਖੇ ਗੁਰਦਾਸਪੁਰ ਰੋਡ ਸ਼ਹੀਦ ਭਗਤ ਸਿੰਘ ਗੇਟ ਦੇ ਕੋਲ ਦਸ਼ਮੇਸ਼ ਮੈਡੀਕਲ ਸਟੋਰ ਵਿੱਚ ਚੋਰਾਂ ਵੱਲੋਂ ਕੰਧ ਪਾੜ ਕੇ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਜਾਣਕਾਰੀ ਦਿੰਦਿਆਂ ਗੁਰਪ੍ਰੀਤ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਕਲਾਨੌਰ ਨੇ ਦੱਸਿਆ ਕਿ ਤੇ ਉਹ ਰੋਜ਼ਾਨਾ ਦੀ ਤਰ੍ਹਾਂ ਦੁਕਾਨ ਰਾਤ ਨੂੰ ਬੰਦ ਕਰਕੇ ਆਪਣੇ ਘਰ ਗਿਆ ਅਤੇ ਸਵੇਰੇ ਜਦੋਂ ਦੁਕਾਨ ਖੋਲ੍ਹੀ ਤਾਂ ਦੇਖਿਆ ਕਿ ਚੋਰਾਂ ਵੱਲੋਂ ਕੰਧ ਪਾੜ ਕੇ ਅੰਦਰੋਂ ਮਹਿੰਗੀਆਂ ਦਵਾਈਆਂ ਅਤੇ ਗੱਲੇ ਵਿੱਚ ਪਈ ਨਗਦੀ ਚੋਰੀ ਕਰਕੇ ਰਫੂ ਚੱਕਰ ਹੋ ਗਏ ਹਨ।

ਇਸ ਸਬੰਧੀ ਕਲਾਨੌਰ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ।ਮੌਕੇ ਤੇ ਪਹੁੰਚੇ ਐੱਸਐੱਚਓ ਮੇਜਰ ਸਿੰਘ ਨੇ ਮੌਕੇ ਦਾ ਜਾਇਜ਼ਾ ਲੈ ਕੇ ਆਸ-ਪਾਸ ਲੱਗੇ ਕੈਮਰਿਆਂ ਦੀ ਚੈਕਿੰਗ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਉਨ੍ਹਾਂ ਕਿਹਾ ਕਿ ਚੋਰਾਂ ਨੂੰ ਜਲਦੀ ਹੀ ਫ਼ੜ ਲਿਆ ਜਾਵੇਗਾ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਡੈਮੋਕਰੇਟਿਕ ਟੀਚਰਜ਼ ਫਰੰਟ ਵੱਲੋਂ ਅਧਿਆਪਕ ਦਿਵਸ 'ਤੇ ਜ਼ਿਲਾ ਪੱਧਰੀ ਰੋਸ ਪ੍ਰਦਰਸ਼ਨ

ਕਲਾਨੌਰ (ਮਨਦੀਪ ਕੋਹਲੀ)-ਸਮੁੱਚੇ ਅਧਿਆਪਕ ਵਰਗ ਦੀਆਂ ਭਖਵੀਆਂ ਮੰਗਾਂ ਦੇ ਸਬੰਧ ਵਿੱਚ ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕਰੈਟਿਕ ਟੀਚਰ ਫਰੰਟ ਵੱਲੋਂ ਸੂਬੇ ਭਰ ਵਿੱਚ ਵਿਆਪਕ ਪੱਧਰ ਤੇ ਰੋਸ ਧਰਨੇ ਦਿੱਤੇ ਗਏ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਟੀ.ਐੱਫ. ਗੁਰਦਾਸਪੁਰ ਦੇ ਜ਼ਿਲਾ ਪ੍ਰਧਾਨ ਪਲਵਿੰਦਰ ਸਿੰਘ ਰੰਧਾਵਾ ਅਤੇ ਜਨਰਲ ਸਕੱਤਰ ਸਾਹਿਬ ਸਿੰਘ ਅਬਲਖੈਰ ਨੇ ਦੱਸਿਆ ਸੂਬਾਈ ਰੋਸ ਪ੍ਰਦਰਸ਼ਨਾਂ ਦੀ ਲੜੀ ਤਹਿਤ ਗੁਰਦਾਸਪੁਰ ਵਿੱਚ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਵੱਡੀ ਗਿਣਤੀ ਵਿੱਚ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।ਆਗੂਆਂ ਨੇ ਦੋਸ਼ ਲਾਇਆ ਕਿ ਪੁਰਾਣੀ ਪੈਨਸ਼ਨ ਬਹਾਲੀ ਦਾ ਅਧੂਰਾ ਨੋਟੀਫਿਕੇਸ਼ਨ ਜਾਰੀ ਕਰਕੇ ਵਾਪਸ ਲੈ ਲਿਆ ਗਿਆ ਹੈ।ਜਨਵਰੀ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੋਂ ਕੇਂਦਰੀ ਤਨਖਾਹ ਕਮਿਸ਼ਨ ਦੀ ਆੜ ਹੇਠ ਤਨਖਾਹ ਕਟੌਤੀ ਕੀਤੀ ਗਈ ਹੈ। 2018-19 ਵਿੱਚ ਲੱਗੇ ਐੱਸਐੱਸਏ ਰਮਸਾ ਦੇ ਧਰਨਿਆਂ ਦੇ ਵਿੱਚ ਆ ਕੇ ਇਹ ਸਰਕਾਰ ਤਨਖਾਹ ਕਟੌਤੀ ਦਾ ਵਿਰੋਧ ਕਰਦੀ ਰਹੀ ਪਰ ਹੁਣ ਸੱਤਾ ਵਿੱਚ ਹੋਣ ਕਰਕੇ ਇਨ੍ਹਾਂ ਅਧਿਆਪਕਾਂ ਦੁਬਾਰਾ ਹਾਈ ਕੋਰਟ ਵਿੱਚ ਜਿੱਤੇ ਹੋਏ ਤਨਖਾਹ ਵਾਪਸੀ ਦੇ ਕੇਸ ਵੀ ਨਹੀਂ ਲਾਗੂ ਕਰ ਰਹੀ।ਸੀਨੀਅਰ ਮੀਤ ਪ੍ਰਧਾਨ ਰਜਨੀਸ਼ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਪੇਂਡੂ ਭੱਤੇ ਸਮੇਤ 37 ਤਰ੍ਹਾਂ ਦੇ ਭੱਤਿਆਂ ਤੇ ਕੈਂਚੀ ਫੇਰੀ ਜਾ ਚੁੱਕੀ ਹੈ।ਡੀਏ ਦੀਆਂ ਕਿਸ਼ਤਾਂ ਦੇ ਬਕਾਏ ਤੋਂ ਸਰਕਾਰ ਭੱਜ ਚੁੱਕੀ ਹੈ।ਯੂਨੀਅਨ ਦੇ ਸਰਪ੍ਰਸਤ ਕਰਨੈਲ ਸਿੰਘ ਚਿੱਟੀ ਅਤੇ ਸੁਖਵਿੰਦਰ ਪਾਲ ਨੇ ਕਿਹਾ ਕਿ ਏਸੀਪੀ, ਸਕੀਮ ਲਾਗੂ ਕੀਤੀ ਜਾਵੇ, ਐੱਨ, ਪੀ, ਐੱਸ, ਅਤੇ ਯੂਪੀਐੱਸ, ਰੱਦ ਕਰਕੇ ਪੁਰਾਣੀ ਪੈਨਸ਼ਨ ਤੁਰੰਤ ਬਹਾਲ ਕੀਤੀ ਜਾਵੇ, ਪੁਰਾਣੇ ਤਨਖਾਹ ਸਕੇਲ ਬਹਾਲ ਕੀਤੇ ਜਾਣ।ਕੰਪਿਊਟਰ ਅਧਿਆਪਕਾਂ ਅਤੇ ਮੇਰੀਟੋਰੀਅਸ ਅਧਿਆਪਕਾਂ ਨੂੰ ਪੂਰੇ ਤਨਖਾਹ ਸਕੇਲਾਂ ਸਮੇਤ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤਾ ਜਾਵੇ।ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਕੱਚੇ ਅਧਿਆਪਕਾਂ ਅਤੇ ।3-7-11-15, ਸਾਲਾ ਡਾਇਨਾਮਿਕ ਏਸੀਪੀ ਲਾਗੂ ਕੀਤਾ ਜਾਵੇ।

ਅਧਿਆਪਕ ਆਗੂਆਂ ਨੇ ਚੇਤਾਵਨੀ ਦਿਤੀ ਕਿ ਮੰਗਾਂ ਨਾ ਮੰਨਣ ਦੀ ਸੂਰਤ ਵਿਚ ਸੰਘਰਸ਼ ਨੂੰ ਹੋਰ ਵਿਆਪਕ ਅਤੇ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਬਲਜਿੰਦਰ ਸਿੰਘ, ਦਲਜੀਤ ਸਿੰਘ ਖਾਲਸਾ ਬਲਜਿੰਦਰ ਸਿੰਘ, ਰਜਨੀਸ਼ ਕੁਮਾਰ ਕਲਾਨੌਰ, ਤਰਲੋਕ ਚੰਦ, ਨਵਨੀਤ ਕੁਮਾਰ, ਗੁਰਵਿੰਦਰ ਸਿੰਘ, ਰਾਜ ਕੁਮਾਰ, ਸੁਰਿੰਦਰ ਮੋਹਨ, ਅਰੁਣ ਕੁਮਾਰ, ਰਵੀ ਕੁਮਾਰ, ਪਰਮਿੰਦਰ ਸਿੰਘ, ਰਮਨ ਕੁਮਾਰ, ਹਰਜਿੰਦਰ ਸਿੰਘ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।

ਚੋਹਲਾ ਸਾਹਿਬ ਤੋਂ ਗੁਰਦੁਆਰਾ ਬਾਉਲੀ ਸਾਹਿਬ ਤੱਕ ਸਜਾਇਆ ਅਲੌਕਿਕ ਨਗਰ ਕੀਰਤਨ

ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)-ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਕਮੇਟੀ ਵੱਲੋਂ ਵੱਖ-ਵੱਖ ਸਥਾਨਾਂ ਤੋਂ ਸਜਾਏ ਜਾ ਰਹੇ ਨਗਰ ਕੀਰਤਨਾਂ ਦੀ ਲੜੀ ਤਹਿਤ ਗੁਰਦੁਆਰਾ ਪਾਤਸ਼ਾਹੀ ਪੰਜਵੀਂ ਚੋਹਲਾ ਸਾਹਿਬ ਤੋਂ ਸ੍ਰੀ ਗੋਇੰਦਵਾਲ ਸਾਹਿਬ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਾ ਚੋਹਲਾ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਨਹਿਰੀ ਪਾਲਕੀ ਵਿਚ ਸੁਸ਼ੋਭਿਤ ਕੀਤਾ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਸਾਹਿਬ ਨਾਲ ਸਬੰਧਤ ਸ਼ਤਾਬਦੀ ਦਿਹਾੜੇ ਕੌਮ ਲਈ ਬੇਹੱਦ ਅਹਿਮ ਹਨ, ਇਸ ਲਈ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਸ਼ਤਾਬਦੀ ਨਾਲ ਸਬੰਧਤ ਸਮਾਗਮਾਂ ਵਿਚ ਆਪਣੀ ਹਾਜ਼ਰੀ ਨੂੰ ਯਕੀਨੀ ਬਣਾਈਏ।ਇਸ ਮੌਕੇ ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਸੁੱਖਾ ਸਿੰਘ ਸਰਹਾਲੀ ਵਾਲੇ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਮੈਂਬਰ ਅਮਰਜੀਤ ਸਿੰਘ ਭਲਾਈਪੁਰ, ਖੁਸ਼ਵਿੰਦਰ ਸਿੰਘ ਭਾਟੀਆ, ਮੈਂਬਰ. ਅਲਵਿੰਦਰਪਾਲ ਸਿੰਘ ਪੱਖੋਕੇ, ਗੁਰਬਚਨ ਸਿੰਘ ਕਰਮੂਵਾਲਾ, ਭਾਈ ਅਜਾਇਬ ਸਿੰਘ ਅਭਿਆਸੀ, ਸੁਖਵਰਸ਼ ਸਿੰਘ ਪੰਨੂ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ, ਓਐਸਡੀ ਸਤਬੀਰ ਸਿੰਘ ਧਾਮ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ ਤੋਂ ਇਲਾਵਾ ਹੋਰ ਵੀ ਕਈ ਸ਼ਖਸੀਅਤਾਂ ਹਾਜ਼ਰ ਸਨ।

ਵਿਕਾਸ 'ਚ ਤੇਜ਼ੀ ਲਈ ਈਟੀਓ ਨੇ ਵੱਖ-ਵੱਖ ਪਿੰਡਾਂ ਨੂੰ ਵੰਡੀਆਂ ਸਵਾ ਕਰੋੜ ਦੀਆਂ ਗਰਾਂਟਾਂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਹਰਭਜਨ ਸਿੰਘ ਈਟੀਓ ਕੈਬਨਿਟ ਮੰਤਰੀ ਪੰਜਾਬ ਨੇ ਐਲਾਨ ਕੀਤਾ ਹੈ ਕਿ ਹਲਕੇ ਦੇ ਹਰ ਪਿੰਡ ਦਾ ਸਰਬਪੱਖੀ ਵਿਕਾਸ ਕਰਵਾਇਆ ਜਾਵੇਗਾ ਅਤੇ ਕਿਸੇ ਵੀ ਪਿੰਡ ਵਿੱਚ ਬੁਨਿਆਦੀ ਸਹੂਲਤਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।ਤਰਸਿੱਕਾ ਵਿਖੇ ਵੱਖ-ਵੱਖ ਪਿੰਡਾਂ ਨੂੰ ਲਗਭਗ ਸਵਾ ਕਰੋੜ ਰੁਪਏ ਦੀਆਂ ਗਰਾਂਟਾਂ ਵੰਡਦੇ ਹੋਏ ਉਨ੍ਹਾਂ ਨੇ ਇਲਾਕਾ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਹਰ ਮੁਸ਼ਕਿਲ ਤੇ ਸਮੱਸਿਆ ਦੇ ਹੱਲ ਲਈ ਲੋਕਾਂ ਨੇ ਮੈਨੂੰ ਆਪਣਾ ਵਿਧਾਇਕ ਚੁਣ ਕੇ ਜੋ ਜ਼ਿੰਮੇਵਾਰੀ ਸੌਂਪੀ ਹੈ, ਉਹ ਪੂਰੀ ਮਿਹਨਤ, ਲਗਨ ਤੇ ਸੇਵਾ ਦੀ ਭਾਵਨਾ ਨਾਲ ਨਿਭਾ ਰਹੇ ਹਾਂ। ਕੈਬਨਿਟ ਮੰਤਰੀ ਨੇ ਤਰਸਿੱਕਾ ਨੂੰ 27.50 ਲੱਖ, ਕੋਟ ਹਯਾਤ ਨੂੰ ਢਾਈ ਲੱਖ, ਗੁਮਾਣਾ ਚੱਕ ਨੂੰ 10 ਲੱਖ, ਕਰਤਾਰ ਨਗਰ ਨੂੰ ਦੋ ਲੱਖ, ਸੰਗਰਾਏ ਨੂੰ 2 ਲੱਖ, ਉਦੇ ਨੰਗਲ ਨੂੰ 10 ਲੱਖ, ਮਾਲੋਵਾਲ ਨੂੰ 6 ਲੱਖ ,ਤਲਵੰਡੀ ਨੂੰ 5 ਲੱਖ, ਰਸੂਲਪੁਰ ਨੂੰ ਤਿੰਨ ਲੱਖ, ਭੱਟੀਕੇ ਨੂੰ 9 ਲੱਖ, ਜੱਬੋਵਾਲ ਨੂੰ 11 ਲੱਖ, ਸਰਜਾ ਨੂੰ 4 ਲੱਖ, ਜੀਵਨ ਪੈਧੇਰ ਨੂੰ ਡੇਢ ਲੱਖ ਅਤੇ ਦਸ਼ਮੇਸ਼ ਨਗਰ ਨੂੰ 22 ਲੱਖ ਰੁਪਏ ਦੀ ਗਰਾਂਟ ਦੇ ਚੈਕ ਦਿੱਤੇ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀ ਹੈ। ਇਸ ਇਲਾਕੇ ਵਿੱਚ ਵਿਕਾਸ ਕਾਰਜਾਂ ਦੇ ਲਈ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ, ਪਿਛਲੇ ਕਈ ਦਹਾਕਿਆਂ ਤੋਂ ਇਸ ਇਲਾਕੇ ਦਾ ਵਿਕਾਸ ਰੁਕਿਆ ਹੋਇਆ ਹੈ।ਅਸੀਂ ਵਿਕਾਸ ਦੀ ਰਫਤਾਰ ਦੀ ਗੱਡੀ ਨੂੰ ਮੁੜ ਲੀਹ 'ਤੇ ਲੈ ਕੇ ਆਏ ਹਾਂ, ਹੁਣ ਇਸ ਇਲਾਕੇ ਦੇ ਵਿਕਾਸ ਲਈ ਕੋਈ ਕਮੀ ਨਹੀਂ ਆਵੇਗੀ ਅਤੇ ਫੰਡਾਂ ਦੀ ਵੀ ਕੋਈ ਘਾਟ ਨਹੀਂ ਹੈ।ਉਨ੍ਹਾਂ ਨੇ ਕਿਹਾ ਕਿ ਬੁਨਿਆਦੀ ਸਹੂਲਤਾਂ ਮੁਹੱਇਆ ਕਰਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਕਿਸੇ ਵੀ ਇਲਾਕੇ ਦਾ ਬੁਨਿਆਦੀ ਵਿਕਾਸ ਉਸ ਇਲਾਕੇ ਦੀ ਆਰਥਿਕਤਾ ਨੂੰ ਮਜ਼ਬੂਤ ਕਰਦਾ ਹੈ।

ਚਿਰੋਕਣੀ ਉਡੀਕ ਤੋਂ ਬਾਅਦ ਮਾਸਟਰ ਕੇਡਰ ਤੋਂ ਲੈਕਚਰਾਰ ਦੀਆਂ ਕੀਤੀਆਂ ਤਰੱਕੀਆਂ ਅਧੂਰੀਆਂ: ਚਾਹਲ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ ਵਿੱਤ ਸੱਕਤਰ ਅਮਨਦੀਪ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਕੁਲਦੀਪ ਪੁਰੋਵਾਲ ਨੇ ਪ੍ਰਮੋਸ਼ਨਾਂ 'ਚ ਦੇਰੀ ਦਾ ਸਖਤ ਨੋਟਿਸ ਲਿਆ ਇਸ ਸਬੰਧੀ ਸਹਾਇਕ ਪ੍ਰੈਸ ਸਕੱਤਰ ਦਿਲਦਾਰ ਭੰਡਾਲ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਸਿੱਖਿਆ ਕ੍ਰਾਂਤੀ ਦੇ ਨਾਂ ਤੇ ਆਈ ਹੋਈ ਪੰਜਾਬ ਦੀ ਆਪ ਸਰਕਾਰ ਵੱਲੋਂ ਸਕੂਲਾਂ ਦੇ ਵਿੱਚ ਅਸਾਮੀਆਂ ਪੂਰੀਆਂ ਕਰਨ ਦੇ ਬਹੁਤ ਬਹੁਤ ਵੱਡੇ ਵਾਅਦੇ ਕੀਤੇ, ਪ੍ਰੰਤੂ ਉਨ੍ਹਾਂ ਵਿੱਚੋਂ ਕਿਸੇ ਤੇ ਵੀ ਬੂਰ ਨਹੀਂ ਪਿਆ।ਪਿਛਲੇ ਲੰਮੇ ਸਮੇਂ ਦੀ ਉਡੀਕ ਤੋਂ ਬਾਅਦ ਜਦੋਂ ਮਾਸਟਰ ਕੇਡਰ ਤੋਂ ਲੈਕਚਰਾਰ ਦੀਆਂ ਪ੍ਰਮੋਸ਼ਨਾਂ ਕੀਤੀਆਂ ਗਈਆਂ ਤਾਂ ਕੇਵਲ ਨੌ ਵਿਸ਼ਿਆਂ ਦੀਆਂ ਹੀ ਪ੍ਰਮੋਸ਼ਨਾਂ ਕੀਤੀਆਂ ਅਤੇ ਬਹੁਤ ਸਾਰੇ ਅਹਿਮ ਵਿਸ਼ੇ ਜਿਨਾਂ ਵਿੱਚ ਪੰਜਾਬੀ, ਅੰਗਰੇਜ਼ੀ, ਰਾਜਨੀਤਿਕ ਸ਼ਾਸਤਰ, ਕਾਮਰਸ, ਹਿਸਟਰੀ, ਇਕਨੋਮਿਕਸ, ਸਾਈਕੋਲੋਜੀ, ਫਿਜੀਕਲ ਐਜੂਕੇਸ਼ਨ ਦੀ ਕੋਈ ਵੀ ਪ੍ਰਮੋਸ਼ਨ ਨਹੀਂ ਕੀਤੀ ਜਿੱਥੇ ਹਜ਼ਾਰਾਂ ਅਧਿਆਪਕ ਆਪਣੀਆਂ ਤਰੱਕੀਆਂ ਦੀ ਉਡੀਕ ਕਰ ਰਹੇ ਹਨ ਉਥੇ ਸੈਂਕੜੇ ਅਧਿਆਪਕ ਹਰ ਮਹੀਨੇ ਤਰੱਕੀਆਂ ਦੀ ਉਡੀਕ ਕਰਦੇ ਕਰਦੇ ਸੇਵਾ ਮੁਕਤ ਵੀ ਹੋ ਰਹੇ ਹਨ।ਲੱਖਾਂ ਵਿਦਿਆਰਥੀ ਬਿਨਾਂ ਲੈਕਚਰਾਰਾਂ ਤੋਂ ਆਪਣਾ ਸੈਸ਼ਨ ਪੂਰਾ ਕਰ ਰਹੇ ਹਨ।ਇਸੇ ਤਰ੍ਹਾਂ ਹੀ ਮਾਸਟਰ ਕੇਡਰ ਤੋਂ ਹੈਡ ਮਾਸਟਰ ,ਲੈਕਚਰਾਰਾਂ ਤੋਂ ਪ੍ਰਿੰਸੀਪਲ ਈਟੀਟੀ ਤੋਂ ਮਾਸਟਰ ਕੇਡਰ ਦੀਆਂ ਤਰੱਕੀਆਂ ਦਾ ਕੰਮ ਵੀ ਅਜੇ ਅਧੂਰਾ ਹੀ ਹੈ

9-Sep-PAGE-4-Estioral.qxd 9/8/2024 10:03 PM Page 1

ਨਵਾਂ ਜ਼ਮਾਨਾ
ਸੋਮਵਾਰ, 9 ਸਤੰਬਰ 2024

ਭਾਜਪਾ ਦਾ ਪਰਵਾਰਵਾਦ

ਕਾਂਗਰਸ ਤੇ ਵੱਖ-ਵੱਖ ਇਲਾਕਾਈ ਪਾਰਟੀਆਂ 'ਤੇ ਪਰਵਾਰਵਾਦ ਦੀ ਸਿਆਸਤ ਕਰਨ ਦਾ ਦੋਸ਼ ਲਾਉਣ ਵਾਲੀ ਭਾਜਪਾ ਨੇ ਹਰਿਆਣਾ ਅਸੰਬਲੀ ਚੋਣਾਂ ਲਈ ਜਿਨ੍ਹਾਂ 67 ਉਮੀਦਵਾਰਾਂ ਦੇ ਨਾਂਅ ਐਲਾਨੇ ਹਨ, ਉਨ੍ਹਾਂ ਵਿਚ ਕਈ ਸਿਆਸੀ ਪਰਵਾਰਾਂ ਨਾਲ ਜੁੜੇ ਹੋਏ ਹਨ। ਉਸ ਨੇ ਸਾਬਕਾ ਕਾਂਗਰਸੀ ਆਗੂ ਵਿਨੋਦ ਸ਼ਰਮਾ ਦੀ ਪਤਨੀ ਤੇ ਰਾਜ ਸਭਾ ਦੇ ਸਾਂਸਦ ਕਾਰਤੀਕੇਯ ਸ਼ਰਮਾ ਦੀ ਮਾਂ ਸ਼ਕਤੀ ਰਾਣੀ ਸ਼ਰਮਾ ਨੂੰ ਕਾਲਕਾ ਤੋਂ ਉਤਾਰਿਆ ਹੈ। ਇਸੇ ਤਰ੍ਹਾਂ ਸਾਬਕਾ ਵਿਧਾਇਕ ਕਰਤਾਰ ਸਿੰਘ ਭੜਾਨਾ ਦੇ ਬੇਟੇ ਮਨਮੋਹਨ ਭੜਾਨਾ ਨੂੰ ਸਮਾਲਖਾ ਤੋਂ ਉਮੀਦਵਾਰ ਬਣਾਇਆ ਹੈ। ਕੇਂਦਰੀ ਮੰਤਰੀ ਰਾਓ ਇੰਦਰਜੀਤ ਸਿੰਘ ਦੀ ਬੇਟੀ ਆਰਤੀ ਨੂੰ ਭਾਜਪਾ ਨੇ ਅਟੇਲੀ ਹਲਕੇ 'ਚ ਉਤਾਰਿਆ ਹੈ। ਸ਼ਰੂਤੀ ਚੌਧਰੀ ਨੂੰ ਤੋਸ਼ਾਮ ਤੋਂ ਉਮੀਦਵਾਰ ਬਣਾਇਆ ਹੈ। ਸ਼ਰੂਤੀ ਮਰਹੂਮ ਮੁੱਖ ਮੰਤਰੀ ਬੰਸੀ ਲਾਲ ਦੀ ਨੂੰਹ ਕਿਰਨ ਚੌਧਰੀ ਦੀ ਬੇਟੀ ਹੈ। ਦੋਨੋਂ ਪਿੱਛੇ ਜਿਹੇ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਈਆਂ ਸਨ। ਕਿਰਨ ਚੌਧਰੀ ਨੂੰ ਭਾਜਪਾ ਨੇ ਰਾਜ ਸਭਾ ਦਾ ਮੈਂਬਰ ਬਣਾਇਆ ਹੈ। ਇਸੇ ਤਰ੍ਹਾਂ ਮਰਹੂਮ ਮੁੱਖ ਮੰਤਰੀ ਭਜਨ ਲਾਲ ਦੇ ਬੇਟੇ ਕੁਲਦੀਪ ਬਿਸ਼ਨੋਈ ਦੇ ਬੇਟੇ ਭੱਵਯ ਬਿਸ਼ਨੋਈ ਨੂੰ ਭਾਜਪਾ ਨੇ ਆਦਮਪੁਰ ਤੋਂ ਉਮੀਦਵਾਰ ਐਲਾਨਿਆ ਹੈ। ਕੁਲਦੀਪ ਬਿਸ਼ਨੋਈ ਨੇ 2007 ਵਿਚ ਕਾਂਗਰਸ ਛੱਡ ਕੇ ਹਰਿਆਣਾ ਜਨਹਿਤ ਪਾਰਟੀ ਬਣਾਈ ਸੀ ਅਤੇ 2011 ਤੋਂ 2014 ਤੱਕ ਭਾਜਪਾ ਨਾਲ ਗੱਠਜੋੜ ਕੀਤਾ ਸੀ। 2016 ਵਿਚ ਪਾਰਟੀ ਕਾਂਗਰਸ ਵਿਚ ਮਿਲਾ ਦਿੱਤੀ ਸੀ ਤੇ 2022 'ਚ ਭਾਜਪਾ ਵਿਚ ਸ਼ਾਮਲ ਹੋ ਗਏ ਸੀ। ਭਾਜਪਾ ਨੇ ਸਾਬਕਾ ਇਨੈਲੋ ਵਿਧਾਇਕ ਹਰੀ ਚੰਦ ਮਿੱਢਾ ਦੇ ਬੇਟੇ ਕ੍ਰਿਸ਼ਨ ਮਿੱਢਾ ਨੂੰ ਜੀਂਦ ਤੋਂ ਟਿਕਟ ਦਿੱਤੀ ਹੈ। ਜੇਲ੍ਹਰ ਦੀ ਨੌਕਰੀ ਛੱਡਣ ਵਾਲੇ ਸੁਨੀਲ ਸਾਂਗਵਾਨ ਨੂੰ ਚਰਖੀ ਦਾਦਰੀ ਤੋਂ ਟਿਕਟ ਦਿੱਤੀ ਹੈ। ਉਹ ਸਾਬਕਾ ਸਾਂਸਦ ਸਤਪਾਲ ਸਾਂਗਵਾਨ ਦਾ ਬੇਟਾ ਹੈ ਤੇ ਜੇਲ੍ਹਰ ਹੁੰਦਿਆਂ ਉਸ ਨੇ ਕਤਲ ਤੇ ਬਲਾਤਕਾਰ ਦੇ ਦੋਸ਼ਾਂ ਤਹਿਤ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਨੂੰ ਕਈ ਵਾਰ ਪੈਰੋਲ ਦਿਵਾਈ। ਭਾਜਪਾ ਵੱਲੋਂ ਚੋਣ ਮੈਦਾਨ ਵਿਚ ਉਤਾਰੇ ਗਏ ਇਕ ਹੋਰ ਵੰਸ਼ਵਾਦੀ ਰਾਓ ਨਰਬੀਰ ਸਿੰਘ ਹਨ, ਜਿਨ੍ਹਾਂ ਨੂੰ ਬਾਦਸ਼ਾਹਪੁਰ ਤੋਂ ਟਿਕਟ ਦਿੱਤੀ ਗਈ ਹੈ। ਉਹ ਸਾਬਕਾ ਮੰਤਰੀ ਰਾਓ ਮਹਾਵੀਰ ਸਿੰਘ ਯਾਦਵ ਦੇ ਬੇਟੇ ਹਨ।

ਹਰਿਆਣਾ ਅਸੰਬਲੀ ਦੀਆਂ 90 ਸੀਟਾਂ ਹਨ। ਐਲਾਨੇ ਜਾਣ ਵਾਲੇ ਹੋਰਨਾਂ ਉਮੀਦਵਾਰਾਂ ਵਿਚ ਵੀ ਅਜਿਹੇ ਉਮੀਦਵਾਰ ਸ਼ਾਮਲ ਕੀਤੇ ਗਏ ਤਾਂ ਕੋਈ ਹੈਰਾਨੀ ਨਹੀਂ ਹੋਵੇਗੀ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਜੇ ਵੀ ਹੋਰਨਾਂ ਪਾਰਟੀਆਂ 'ਤੇ ਪਰਵਾਰਵਾਦ ਦੀ ਸਿਆਸਤ ਦੇ ਦੋਸ਼ ਲਾ ਰਹੇ ਹਨ। ਗਾਂਧੀ ਪਰਵਾਰ ਤਾਂ ਉਨ੍ਹਾਂ ਦਾ ਖਾਸ ਨਿਸ਼ਾਨਾ ਹੁੰਦਾ ਹੈ।

ਪਾਠਕ-ਸੱਥ

ਨੌਜਵਾਨਾਂ 'ਤੇ ਸੋਸ਼ਲ ਮੀਡੀਆ ਦਾ ਪ੍ਰਭਾਵ

ਅੱਜਕੱਲ੍ਹ ਸੋਸ਼ਲ ਮੀਡੀਆ ਦਾ ਸ਼ਿਕੰਜਾ ਸਾਡੇ ਨੌਜਵਾਨਾਂ ਉੱਪਰ ਜ਼ਿਆਦਾ ਹੀ ਸਖਤ ਹੁੰਦਾ ਜਾ ਰਿਹਾ ਹੈ ਜਾਂ ਇੰਝ ਕਹਿ ਲਵੋ ਕਿ ਨੌਜਵਾਨ ਪੀੜ੍ਹੀ ਵੱਡੀ ਗਿਣਤੀ ਵਿੱਚ ਸੋਸ਼ਲ ਮੀਡੀਆ ਦੀ ਦਲਦਲ ਵਿੱਚ ਫਸਦੀ ਜਾ ਰਹੀ ਹੈ ਜੋ ਕਿ ਸਾਡੇ ਭਵਿੱਖ ਦੀਆਂ ਪੀੜ੍ਹੀਆਂ ਲਈ ਇੱਕ ਖਤਰੇ ਦਾ ਸੰਕੇਤ ਹੈ। ਸੋਸ਼ਲ ਮੀਡੀਆ ਉਤੇ ਸਰਗਰਮ ਰਹਿਣ ਵਾਲੇ ਬਹੁਤੇ ਨੌਜਵਾਨ ਲੜਕੇ-ਲੜਕੀਆਂ ਸਿਰਫ ਵਰਚੁਅਲ ਦੁਨੀਆ ਵਿੱਚ ਫਸ ਕੇ ਰਹਿ ਗਏ ਹਨ, ਜਿਨ੍ਹਾਂ ਨੂੰ ਆਪਣੇ ਆਲੇ ਦੁਆਲੇ ਦੀਆਂ ਸਮਾਜਿਕ ਜ਼ਿੰਮੇਵਾਰੀਆਂ, ਰਿਸ਼ਤਿਆਂ, ਕਦਰਾਂ-ਕੀਮਤਾਂ ਵਾਸਤੇ ਕੋਈ ਵੀ ਵਿਹਲ ਨਹੀਂ ਅਤੇ ਨਾ ਹੀ ਇਸ ਪਾਸੇ ਕੋਈ ਧਿਆਨ ਹੈ। ਸੋਸ਼ਲ ਮੀਡੀਆ ਐਪ ਚਲਾਉਣ ਵਾਲੇ ਖੁਦ ਸੋਸ਼ਲ ਨਹੀਂ ਬਣ ਰਹੇ। ਹਰ ਘਰ ਵਿੱਚ, ਹਰ ਮੈਂਬਰ ਕੋਲ ਆਪਣਾ ਆਪਣਾ ਮੋਬਾਇਲ ਫੋਨ ਹੈ ਅਤੇ ਹਰ ਕੋਈ ਆਪਣੇ-ਆਪਣੇ ਸੋਸ਼ਲ ਮੀਡੀਆ ਐਪਾਂ ਵਿੱਚ ਉਲਝਿਆ ਪਿਆ ਹੈ। ਇਸ ਸਭ ਨਾਲ ਪਰਵਾਰਕ ਸੰਬੰਧਾਂ ਉਤੇ ਨਕਾਰਾਤਮਕ ਪ੍ਰਭਾਵ ਪੈਂਦਾ ਜਾ ਰਿਹਾ ਹੈ। ਆਪਸੀ ਸਾਂਝ, ਪਿਆਰ, ਮੁਹੱਬਤ, ਸਨੇਹ ਅਤੇ ਸੁਹਿਰਦਤਾ ਖਤਮ ਹੁੰਦੀ ਜਾ ਰਹੀ ਹੈ। ਸੋ ਸਮਾਜਿਕ ਗਤੀਵਿਧੀਆਂ ਵਿੱਚ ਵਾਧਾ ਹੋਣਾ ਚਾਹੀਦਾ ਹੈ ਅਤੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ, ਸਮਾਜਿਕ ਗਤੀਵਿਧੀਆਂ ਪ੍ਰਤੀ ਮੋਹ ਪਿਆਰ ਵਧਾਉਣਾ ਚਾਹੀਦਾ ਹੈ ਤਾਂ ਹੀ ਇੱਕ ਨਰੋਏ ਅਤੇ ਉੱਚੀ-ਸੁੱਚੀ ਜੀਵਨ-ਜਾਚ ਵਾਲੇ ਸਮਾਜ ਦਾ ਨਿਰਮਾਣ ਹੋ ਸਕੇਗਾ।

-ਯਸਪਾਲ ਮਾਹਵਰ, ਸ੍ਰੀ ਮੁਕਤਸਰ ਸਾਹਿਬ।

ਅਖਬਾਰ ਪੜ੍ਹਨਾ ਚੰਗੀ ਆਦਤ !

ਅਖ਼ਬਾਰ ਸਾਨੂੰ ਦੇਸ਼ ਦੁਨੀਆਂ ਦੀਆਂ ਖ਼ਬਰਾਂ ਦਿੰਦਾ ਹੈ ।ਇਸ 'ਚ ਬਹੁਤ ਹੀ ਤਰ੍ਹਾਂ ਦੀਆਂ ਖਬਰਾਂ ਹੁੰਦੀਆਂ ਹਨ ਜਿਵੇਂ ਸਿਆਸਤ, ਵਪਾਰ, ਜੁਰਮ,ਖੇਡ ਆਦਿ । ਅਖ਼ਬਾਰ 'ਚ ਸੰਪਾਦਕੀ ਪੰਨੇ ਵੀ ਹੁੰਦੇ ਹਨ ਤੇ ਮਨੋਰੰਜਨ ਵਾਲੇ ਪੰਨੇ ਵੀ ਹੁੰਦੇ ਹਨ। ਅਖ਼ਬਾਰ ਸਾਡੀ ਜਾਣਕਾਰੀ 'ਚ ਵਾਧਾ ਕਰਦਾ ਹੈ।ਜਦੋਂ ਅਸੀਂ ਅਖ਼ਬਾਰ ਪੜ੍ਹਦੇ ਹਾਂ ਤਾਂ ਸਾਡੇ ਗਿਆਨ ਚ ਵਾਧਾ ਹੋਣ ਦੇ ਨਾਲ ਨਾਲ ਸਾਡੇ ਅੱਖਰੀ ਗਿਆਨ 'ਚ ਵੀ ਵਾਧਾ ਹੁੰਦਾ ਹੈ।

-ਗੁਰਿੰਦਰ ਪਟਿਆਲਾ

ਇਜ਼ਰਾਈਲ 'ਚ ਭਾਰਤੀ ਕਾਮਿਆਂ ਦੀ ਦੁਰਦਸ਼ਾ ਤੇ ਭਾਰਤੀ ਹਾਕਮ

ਨਰਭਿੰਦਰ

ਭਾਰਤ ਸਰਕਾਰ ਇਜ਼ਰਾਈਲ ਵਿੱਚ ਮਜ਼ਦੂਰਾਂ ਨੂੰ ਕਿਉਂ ਭੇਜ ਰਹੀ ਹੈ, ਜਦੋਂ ਕਿ ਇਜ਼ਰਾਈਲ ਵਿੱਚ ਵਿਦੇਸ਼ੀ ਕਾਮਿਆਂ ਲਈ ਸੁਰੱਖਿਆ ਦਾ ਮਹੌਲ ਹੀ ਨਹੀਂ ਤੇ ਵੈਸੇ ਵੀ ਇਜ਼ਰਾਈਲ ਜਿਵੇਂ ਫਲਸਤੀਨੀ ਲੋਕਾਂ ਦਾ ਘਾਣ ਕਰ ਰਿਹਾ ਹੈ, ਵਿਸ਼ਵ ਉਸ ਤੋਂ ਮੂੰਹ ਮੋੜ ਰਿਹਾ ਹੈ। ਸਾਲ 2023 ਵਿੱਚ ਭਾਰਤ ਨੇ ਇਜ਼ਰਾਈਲ ਨਾਲ 42000 ਕਾਮਿਆਂ ਨੂੰ ਉਥੇ ਭੇਜਣ ਦਾ ਸਮਝੌਤਾ ਕੀਤਾ ਸੀ। ਫਿਰ ਦਸੰਬਰ ਵਿੱਚ ਇਜ਼ਰਾਈਲ-ਫਲਸਤੀਨੀ ਯੁੱਧ ਸ਼ੁਰੂ ਹੋ ਗਿਆ ਤਾਂ ਇਜ਼ਰਾਈਲੀ ਪ੍ਰਧਾਨ ਮੰਤਰੀ ਨੇ ਯੁੱਧ ਸ਼ੁਰੂ ਹੋਣ ਤੋਂ ਦੋ ਮਹੀਨੇ ਬਾਅਦ ਹੀ ਨਰਿੰਦਰ ਮੋਦੀ (ਪ੍ਰਧਾਨ ਮੰਤਰੀ) ਨੂੰ ਨਿੱਜੀ ਤੌਰ 'ਤੇ ਇਸ ਗਿਣਤੀ ਤੋਂ ਦੁੱਗਣੀ ਤਾਦਾਦ ਵਿੱਚ ਮਜ਼ਦੂਰ ਭੇਜਣ ਦੀ ਬੇਨਤੀ ਕੀਤੀ ਸੀ। ਜਨਵਰੀ ਵਿੱਚ ਫਲਸਤੀਨੀਆਂ ਉਤੇ ਇਜ਼ਰਾਈਲੀ ਹਮਲੇ ਦੇ 100 ਦਿਨ ਪੂਰੇ ਹੋਣ ਤੋਂ ਕੁਝ ਦਿਨ ਪਿੱਛੋਂ, 15 ਇਜ਼ਰਾਈਲੀ ਵਪਾਰੀਆਂ ਦਾ ਇੱਕ ਪ੍ਰਤੀਨਿਧ ਮੰਡਲ ਆਇਆ, ਜਿਸ ਨੇ ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿੱਚ ਵੀ ਰਾਜ ਸਰਕਾਰਾਂ ਨਾਲ ਮੀਟਿੰਗਾਂ ਕੀਤੀਆਂ ਅਤੇ ਮੋਟੀਆਂ ਤਨਖ਼ਾਹਾਂ ਦਾ ਲਾਲਚ ਦੇ ਕੇ ਮਜ਼ਦੂਰਾਂ ਨੂੰ ਇਜ਼ਰਾਈਲ 'ਚ ਕੰਮ ਉਤੇ ਜਾਣ ਲਈ ਸੱਦਿਆ ਗਿਆ। ਕੜਾਕੇ ਦੀ ਠੰਢ ਵਿੱਚ 10,000 ਤੋਂ ਵੱਧ ਨੌਜਵਾਨਾਂ ਨੇ ਇਜ਼ਰਾਈਲ 'ਚ ਕੰਮ ਕਰਨ ਲਈ ਅਰਜ਼ੀਆਂ ਦਿੱਤੀਆਂ।

2 ਅਪ੍ਰੈਲ 2024 ਨੂੰ ਇਜ਼ਰਾਈਲੀ ਰਾਜਦੂਤ ਨਾਂਮੋਰ ਗਿਲੋਨ ਨੇ ਹਰੀ ਝੰਡੀ ਵਿਖਾ ਕੇ ਪਹਿਲੇ ਜਥੇ ਨੂੰ ਇਜ਼ਰਾਈਲ ਭੇਜਿਆ ਜਦੋਂ ਕਿ ਉਸ ਦੌਰ ਵਿੱਚ ਇਜ਼ਰਾਈਲ-ਹਮਾਸ ਦਰਮਿਆਨ ਤਿੱਖੀਆਂ ਝੜਪਾਂ ਹੋ ਰਹੀਆਂ ਸਨ ਅਤੇ 13 ਅਪ੍ਰੈਲ ਨੂੰ ਇਰਾਨ ਨੇ ਮਿਜ਼ਾਈਲ ਹਮਲਾ ਵੀ ਕੀਤਾ ਸੀ। ਇਸ ਹਮਲੇ ਪਿੱਛੋਂ ਭਾਰਤੀ ਵਿਦੇਸ਼ ਮੰਤਰਾਲੇ ਨੇ ਇਨ੍ਹਾਂ ਕਾਮਿਆਂ ਲਈ ਇੱਕ ਸਲਾਹ ਹੀ ਜਾਰੀ ਕੀਤੀ, ਉਸ 'ਚ ਇਹ ਸੀ ਕਿ "ਭਾਰਤੀ ਦੂਤਾਵਾਸ ਵਿੱਚ ਆਪਣਾ ਨਾਂਅ ਦਰਜ ਕਰਵਾ ਕੇ ਕੰਮ ਉਤੇ ਜਾਣਾ ਹੈ ਅਤੇ ਕੰਮ ਵਾਲੇ ਥਾਂ 'ਤੇ ਹੀ ਆਪਣੇ ਆਪ ਨੂੰ ਸੀਮਤ ਰੱਖਣਾ ਹੈ।" ਪਰ ਇਜ਼ਰਾਈਲ ਵਿੱਚ 18000 ਤੋਂ ਵੱਧ ਭਾਰਤੀ ਕਾਮੇ ਹਨ, ਕੀ ਐਡੀ ਵੱਡੀ ਗਿਣਤੀ ਲਈ ਇਹ ਆਦੇਸ਼ ਸੰਭਵ ਹੀ ਨਹੀਂ ਹਨ।

ਇਜ਼ਰਾਈਲ ਵਿੱਚ ਕਾਮੇ ਪਹਿਲਾਂ ਵੀ ਜਾ ਰਹੇ ਸਨ। ਪਰ ਇਸ ਯੁੱਧ ਦੇ ਸਮੇਂ ਦੋਹਾਂ ਪੱਖਾਂ ਦੇ ਪ੍ਰਧਾਨ ਮੰਤਰੀਆਂ 'ਚ ਕਾਮਿਆਂ ਨੂੰ ਇਜ਼ਰਾਈਲ ਭੇਜਣ ਵਾਲਾ ਸਮਝੌਤਾ ਹੋਣ ਪਿੱਛੋਂ ਕਾਮਿਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਅਕਤੂਬਰ 2023 ਵਿੱਚ ਜਦੋਂ ਹਮਾਸ ਨੇ ਹਮਲੇ ਕਰਨੇ ਸ਼ੁਰੂ ਕੀਤੇ ਤਾਂ ਫਲਸਤੀਨੀ ਕਾਮਿਆਂ ਨੂੰ ਜਾਰੀ ਵਰਕ ਪਰਮਿਟ ਰੱਦ ਕਰ ਦਿੱਤੇ ਗਏ ਅਤੇ ਏਸ਼ੀਅਨ ਜਿਨ੍ਹਾਂ ਵਿੱਚ ਵਿਸ਼ੇਸ਼ ਕਰਕੇ ਭਾਰਤ ਤੇ ਸ੍ਰੀਲੰਕਾ ਦੇ ਕਾਮਿਆਂ ਨੂੰ ਵਰਕ ਪਰਮਿਟ ਜਾਰੀ ਕਰਨੇ ਸ਼ੁਰੂ ਕਰ ਦਿੱਤੇ। ਇਜ਼ਰਾਈਲ ਵਿੱਚ ਪਹਿਲਾਂ ਉਸਾਰੀ ਦੇ ਕੰਮਾਂ 'ਚ ਫਲਸਤੀਨੀ ਕਾਮੇ ਹੀ ਕੰਮ ਕਰਦੇ ਸਨ, ਵੈਸਟ ਬੈਂਕ ਵਿੱਚ 150000 ਅਤੇ ਗਾਜ਼ਾ ਪੱਟੀ ਵਿੱਚ 18500 ਕਾਮੇ ਕਰ ਰਹੇ ਸਨ, ਜਿਨ੍ਹਾਂ ਨੂੰ ਰਾਤੋ-ਰਾਤ ਹੀ ਬਾਹਰ ਕੱਢ ਦਿੱਤਾ। ਇਜ਼ਰਾਈਲ ਦੇ ਰੱਖਿਆ ਮੰਤਰੀ ਹਰਜੀ ਹਲੇਵੀ ਨੇ ਸੁਰੱਖਿਆ ਦੇ ਕਾਰਨਾਂ ਕਰਕੇ ਇਨ੍ਹਾਂ ਦੇ ਵਰਕਰ ਪਰਮਿਟਾਂ ਉਤੇ ਪਾਬੰਦੀ ਲਾ ਦਿੱਤੀ।

ਇਜ਼ਰਾਈਲ ਵਿੱਚ ਉਸਾਰੀ ਦੇ ਕੰਮਾਂ ਅਤੇ ਨਰਸਿੰਗ ਖੇਤਰ ਵਿੱਚ ਕਾਮਿਆਂ ਦੀ ਬਹੁਤ ਜ਼ਿਆਦਾ ਲੋੜ ਹੋਣ ਕਰਕੇ ਏਸ਼ੀਆ ਦੇ ਦੇਸ਼ਾਂ ਦੀਆਂ ਸਰਕਾਰਾਂ ਨਾਲ ਇਜ਼ਰਾਈਲ ਨੇ ਸਮਝੌਤੇ ਕੀਤੇ, ਕਿਉਂਕਿ ਆਮ ਕਾਮੇ ਇਸ ਯੁੱਧ ਅਤੇ ਬੇਵਿਸ਼ਵਾਸੀ ਵਾਲੇ ਖੇਤਰਾਂ ਵਿੱਚ ਜਾਣ ਤੋਂ ਝਿਜਕਦੇ ਹਨ, ਉਥੇ ਸੁਰੱਖਿਆ ਦੀ ਗਾਰੰਟੀ ਨਹੀਂ। ਇਜ਼ਰਾਈਲ ਨੇ 3000 ਫਾਰਮ ਵਰਕਰਾਂ, 3000 ਲੋਹਾ ਬੰਨ੍ਹਣ ਵਾਲਿਆਂ, ਰਾਜ ਮਿਸਤਰੀਆਂ, ਰਾਜ ਮਿਸਤਰੀਆਂ, 3000 ਵੈਲਡਿੰਗ ਦੇ ਖੇਤਰ ਵਿੱਚ, 2000 ਪਲੰਬਰਾਂ ਤੋਂ ਇਲਾਵਾ ਉਸਾਰੀ ਦੇ ਕੰਮ ਲਈ ਅਣਸਿੱਖਿਅਤ ਮਜ਼ਦੂਰਾਂ ਤੇ ਨਰਸਾਂ ਦੀ ਮੰਗ ਕੀਤੀ। ਕਿਉਂਕਿ ਭਾਰਤ ਵਿੱਚ ਵਿਆਪਕ ਬੇਰੁਜ਼ਗਾਰੀ ਹੈ।' ਮੋਦੀ ਸਰਕਾਰ ਇਥੇ ਤਾਂ ਕਾਮਿਆਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਤੋਂ ਅਸਮਰੱਥ ਹੈ, ਸੋ ਇਜ਼ਰਾਈਲੀਰਾਸ਼ਟਰਪਤੀ ਨੇਤਨਯਾਹੂ ਦੀ ਬੇਨਤੀ ਨੂੰ ਫੌਰਨ ਪ੍ਰਵਾਨ ਕਰਕੇ ਭਾਰਤੀ ਕਾਮਿਆਂ ਨੂੰ ਯੁੱਧ ਦੀ ਭੱਠੀ ਵਿੱਚ ਧੱਕ ਦਿੱਤਾ। ਇਜ਼ਰਾਈਲ ਨੇ ਇਨ੍ਹਾਂ ਮਜ਼ਦੂਰਾਂ ਨੂੰ ਜਿਹੜਾ ਲਾਲਚ ਦੇ ਕੇ ਇਕ ਸਾਲ ਲਈ ਸਮਝੌਤੇ ਉਤੇ ਦਸਤਖ਼ਤ ਕਰਵਾਏ, ਉਸ ਨੂੰ ਇਜ਼ਰਾਈਲੀ ਅਧਿਕਾਰੀ ਜਨਤਕ ਨਹੀਂ ਕਰ ਰਹੇ, ਨਾ ਹੀ ਸ਼ਰਤਾਂ ਦਾ ਵੇਰਵਾ ਦੇਣ ਨੂੰ ਤਿਆਰ ਹਨ। ਉਨ੍ਹਾਂ ਜੋ ਦੱਸਿਆ ਹੈ ਉਹ ਇਹ ਹੈ ਕਿ ਉਸਾਰੀ ਦੇ ਖੇਤਰ ਵਿੱਚ ਕਾਮਿਆਂ ਨੂੰ ਇੱਕ ਲੱਖ 37 ਹਜ਼ਾਰ ਮਹੀਨਾ ਮਜ਼ਦੂਰੀ ਤੋਂ ਇਲਾਵਾ 16515 ਬੋਨਸ ਵੀ ਦਿੱਤਾ ਜਾਵੇਗਾ, ਭਾਵ ਡੇਢ ਲੱਖ ਮਾਸਿਕ । ਇਸ ਤੋਂ ਇਲਾਵਾ ਮੈਡੀਕਲ ਬੀਮਾ, ਰਹਿਣ-ਸਹਿਣ ਤੇ ਖਾਣ-ਪੀਣ ਦਾ ਵੀ ਮੁਫ਼ਤ ਪ੍ਰਬੰਧ ਹੋਵੇਗਾ। ਸੋ, ਭਾਰਤੀ ਕਾਮੇ ਜਿਨ੍ਹਾਂ ਨੂੰ ਇਥੇ ਢਿੱਡ ਭਰਨ ਤੇ ਪਰਵਾਰ ਚਲਾਉਣ ਜੋਗੀ ਮਜ਼ਦੂਰੀ ਨਹੀਂ ਮਿਲਦੀ, ਉਹ ਅਜਿਹੀਆਂ ਖ਼ਤਰਨਾਕ ਹਾਲਤਾਂ ਵਿੱਚ ਜਾਣ ਨੂੰ ਤਿਆਰ ਹਨ। ਇੰਡੀਅਨ ਐਕਸਪ੍ਰੈਸ ਤੇ ਹਿੰਦੂ ਦੇ ਪੱਤਰਕਾਰਾਂ ਨੇ ਜਦੋਂ ਇਜ਼ਰਾਈਲ ਜਾਣ ਵਾਲੇ ਮਜ਼ਦੂਰਾਂ ਨੂੰ ਪੁੱਛਿਆ ਤਾਂ ਉਨ੍ਹਾਂ ਇਹ ਹੀ ਜੁਆਬ ਸੀ, "ਇਥੇ ਨਾ ਤਾਂ ਸਥਾਈ ਮਜ਼ਦੂਰੀ ਮਿਲਦੀ ਹੈ, ਮਹੀਨੇ 'ਚ ਮਸੀਂ 10 ਦਿਨ ਕੰਮ ਮਿਲਦਾ ਹੈ, ਕਈ ਵਾਰ ਮਹੀਨਾ ਮਹੀਨਾ ਵਿਹਲੇ ਰਹਿਣਾ ਪੈਂਦਾ ਹੈ। ਉਥੇ ਜੋ ਵੀ ਮਿਲੇਗਾ, ਇਥੋਂ ਨਾਲੋਂ ਤਾਂ ਬਿਹਤਰ ਹੋਵੇਗਾ।' ਭੁੱਖ, ਗਰੀਬੀ, ਕੰਗਾਲੀ, ਮਹਿੰਗਾਈ, ਬੇਰੁਜ਼ਗਾਰੀ ਤੁਹਾਨੂੰ ਕੀ ਕਰਨ ਨੂੰ ਮਜਬੂਰ ਨਹੀਂ ਕਰਦੀ। ਰੋਟੀ ਲਈ ਅੱਕ ਚੱਬਣਾ ਪੈਂਦਾ ਹੈ। ਹਾਲਾਂ ਕਿ ਜਾਣ ਵਾਲੇ ਸਾਰੇ ਮਜ਼ਦੂਰ ਜਾਣਦੇ ਸਨ ਕਿ ਇਜ਼ਰਾਈਲ ਵਿੱਚ ਹਲਾਤ ਸੁਖਾਵੇਂ ਨਹੀਂ ਹਨ। ਇਹ ਸਾਰੇ ਕਾਮੇ ਭਾਰਤੀ ਏਜੰਸੀ-ਰਾਸ਼ਟਰੀ ਕੌਸ਼ਲ ਵਿਕਾਸ ਨਿਗਮ ਰਾਹੀਂ ਹੀ ਜਾ ਰਹੇ ਹਨ। ਅਤੇ ਇਨ੍ਹਾਂ ਕਾਮਿਆਂ ਨੂੰ ਇਜ਼ਰਾਈਲ ਨੇ ਲਿਜਾਣ ਲਈ ਇਸ ਸਰਕਾਰੀ ਕੰਪਨੀ ਨੂੰ ਕਿਵੇਂ ਅਤੇ ਕਿੰਨੇ 'ਚ ਖਰੀਦਿਆ ਹੋਵੇਗਾ, ਇਹ ਜੱਗ ਜ਼ਾਹਰ ਹੈ ਕਿਉਂਕਿ ਇਜ਼ਰਾਈਲ ਕਿਵੇਂ ਬਾਜ਼ਾਰ 'ਚ ਖਰੀਦੋ-ਫਰੋਖਤ ਕਰਨ ਵਿੱਚ ਬਦਨਾਮ ਹੈ। ਸੈਂਟਰ ਫਾਰ ਮਾਨੀਟਰਿੰਗ ਇੰਡੀਆ ਇਕਾਨਮੀ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਅਕਤੂਬਰ-ਦਸੰਬਰ 2023 ਦੀ ਤਿਮਾਹੀ ਵਿੱਚ 20 ਤੋਂ 24 ਸਾਲ ਵਰਗ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 44.49 ਹੋ ਗਈ ਹੈ, ਜਦੋਂ ਕਿ ਪਿਛਲੀ ਤਿਮਾਹੀ ਜੁਲਾਈ ਤੋਂ ਸਤੰਬਰ 2023 ਦਰਮਿਆਨ ਇਹ ਦਰ 43.65 ਫ਼ੀਸਦੀ ਸੀ। ਬੇਰੁਜ਼ਗਾਰੀ, ਕੰਮ ਦੀ ਘਾਟ, ਘੱਟ ਤਨਖ਼ਾਹ ਇਹ ਮਜ਼ਬੂਰੀਆਂ 'ਚ ਭਾਰਤੀ ਨੌਜਵਾਨ ਕਾਮੇ ਇਜ਼ਰਾਈਲ ਜਾਣ ਲਈ ਮਜਬੂਰ ਹਨ।

ਇਜ਼ਰਾਈਲ ਗਏ ਕਾਮੇ ਸਿਰਫ਼ ਉਸਾਰੀ ਦੇ ਕੰਮਾਂ 'ਚ ਹੀ ਨਹੀਂ ਲੱਗੇ, ਉਨ੍ਹਾਂ ਨੂੰ ਇਜ਼ਰਾਈਲੀ ਫੌਜ ਵਿੱਚ ਵੀ ਭਰਤੀ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੂੰ ਫਲਸਤੀਨ ਉਤੇ ਹਮਲਿਆਂ ਲਈ ਵਰਤਿਆ ਜਾ ਰਿਹਾ ਹੈ। ਪਹਿਲਾਂ ਵੀ ਯੂ ਐਨ ਓ ਦੀਆਂ ਸੁਰੱਖਿਆ ਫੌਜਾਂ ਵਿੱਚ ਭਾਰਤੀ ਫੌਜੀ ਇਜ਼ਰਾਈਲੀ ਸਰਹੱਦਾਂ 'ਤੇ ਤਾਇਨਾਤ ਹਨ। ਲੱਗਭੱਗ 900 ਦੇ ਕਰੀਬ ਭਾਰਤੀ ਇਜ਼ਰਾਈਲ-ਲਿਬਨਾਨ ਸਰਹੱਦ 'ਤੇ ਤਾਇਨਾਤ ਹਨ। ਹਮਾਸ ਦੇ ਹਮਲਿਆਂ 'ਚ ਜ਼ਖ਼ਮੀ ਇਕ ਮਨੀਪੁਰ ਵਾਸੀ ਤੋਂ ਇਹ ਹੋਰ ਸਪੱਸ਼ਟ ਹੋ ਗਿਆ ਹੈ ਕਿ ਵਧੇਰੇ ਰਾਸ਼ੀ ਦਾ ਲ

9-SEP-PAGE-5.qxd 9/8/2024 9:44 PM Page 1

ਮਰਾੜ ਕਲਾਂ ਨਜ਼ਦੀਕ ਹੋਏ ਕਤਲ ਤੇ ਲੁੱਟ ਦੀ ਗੁੱਥੀ ਸੁਲਝਾਈ, ਮੁਲਜ਼ਮ ਗ੍ਰਿਫ਼ਤਾਰ

ਪੁੱਤ ਹੀ ਨਿਕਲਿਆ ਪਿਤਾ ਦਾ ਕਾਤਲ, ਖੁਦ ਨੇ ਹੀ ਰਚਿਆ ਲੁੱਟ ਦਾ ਡਰਾਮਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪੁਲਸ ਮੁਖੀ ਤੁਸ਼ਾਰ ਗੁਪਤਾ ਦੀ ਯੋਗ ਅਗਵਾਈ ਹੇਠ ਸ੍ਰੀ ਮੁਕਤਸਰ ਸਾਹਿਬ ਪੁਲਸ ਨੇ ਪਿੰਡ ਮਰਾੜ ਕਲਾਂ ਵਿਖੇ ਹੋਏ ਅੰਨ੍ਹੇ ਕਤਲ, ਲੁੱਟ ਦੀ ਗੁੱਥੀ ਨੂੰ ਸੁਲਝਾ ਲਿਆ ਹੈ। ਮ੍ਰਿਤਕ ਲਖਵੀਰ ਸਿੰਘ ਦੇ ਲੜਕੇ ਪਿਆਰਜੀਤ ਸਿੰਘ ਨੇ ਖੁਦ ਹੀ ਰਚੀ ਸੀ ਲੁੱਟ ਦੀ ਝੂਠੀ ਵਾਰਦਾਤ ਅਤੇ ਆਪ ਹੀ ਨਿਕਲਿਆ ਆਪਣੇ ਪਿਤਾ ਦਾ ਕਾਤਲ।

ਐਸ.ਐਸ.ਪੀ ਤੁਸ਼ਾਰ ਗਪਤਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪਿਆਰਜੀਤ ਸਿੰਘ ਪੁੱਤਰ ਲਖਵੀਰ ਸਿੰਘ ਵਾਸੀ ਬਾਜਾ ਮਰਾੜ ਨੇ ਪੁਲਸ ਪਾਸ ਬਿਆਨ ਦਿੱਤਾ ਕਿ ਉਹ ਆਪਣੇ ਪਿਤਾ ਲਖਵੀਰ ਸਿੰਘ ਨੂੰ ਦਵਾਈ ਦਿਵਾਉਣ ਲਈ ਅਲਟੋ ਕਾਰ ਵਿੱਚ ਜਾ ਰਹੇ ਸਨ ਤੇ ਜਦ ਉਹ ਪਿੰਡ ਮਰਾੜ ਕਲਾਂ ਫਾਟਕ ਨੇੜੇ ਪੁੱਜੇ ਤਾਂ ਅਣਪਛਾਤੇ ਵਿਅਕਤੀਆਂ ਵੱਲੋਂ ਉਸ ਦੀ ਕਾਰ ਦੇ ਸ਼ੀਸ਼ੇ ਤੋੜ ਦਿੱਤੇ, ਉਸ ਦੇ ਕੰਨ 'ਤੇ ਪਿਸਤੌਲ ਤਾਣ ਲਿਆ, ਜੋ ਉਸ ਦਾ ਮੋਬਾਇਲ ਤੇ ਪਰਸ ਖੋਹਣ ਲੱਗੇ ਤੇ ਇਸੇ ਦੌਰਾਨ ਇੱਕ ਨਾ-ਮਾਲੂਮ ਵਿਅਕਤੀ ਵੱਲੋਂ ਉਸ ਦੇ ਪਿਤਾ ਦੇ ਗਲ 'ਤੇ ਲੋਹੇ ਦੇ ਸਰੀਏ ਨਾਲ ਵਾਰ ਕੀਤੇ ਤੇ ਆਪਣੇ ਹਥਿਆਰਾਂ ਸਮੇਤ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੌਕੇ ਤੋਂ ਫਰਾਰ ਹੋ ਗਏ।ਇਸ 'ਤੇ ਮੁਕੱਦਮਾ ਅਸਲਾ ਐਕਟ ਤਹਿਤ ਥਾਣਾ ਬਰੀਵਾਲਾ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ।

ਇਸ ਵਾਰਦਾਤ ਨੂੰ ਟਰੇਸ ਕਰਨ ਲਈ ਪੁਲਸ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ, ਆਧੁਨਿਕ ਢੰਗ ਤਰੀਕਿਆਂ ਦੀ ਵਰਤੋਂ ਕਰਦਿਆਂ ਸਾਰੇ ਪਹਿਲੂਆਂ ਤੋਂ ਤਫਤੀਸ਼ ਸ਼ੁਰੂ ਕੀਤੀ ਗਈ। ਤਫਤੀਸ਼ ਦੌਰਾਨ ਖੁਲਾਸਾ ਹੋਇਆ ਕਿ ਮ੍ਰਿਤਕ ਲਖਵੀਰ ਸਿੰਘ ਦੇ ਪੁੱਤਰ ਪਿਆਰਜੀਤ ਸਿੰਘ ਵੱਲੋਂ ਹੀ ਆਪਣੇ ਪਿਤਾ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਸੀ ਤੇ ਆਪਣੀ ਕਹੀ ਦੇ ਦਸਤੇ ਨਾਲ ਆਪਣੀ ਗੱਡੀ ਦੀ ਭੰਨ ਤੋੜ ਕਰਕੇ, ਲੁੱਟ ਦਾ ਝੂਠਾ ਡਰਾਮਾ ਰਚਿਆ ਸੀ ਅਤੇ ਬਾਅਦ ਵਿੱਚ ਮੁਦਈ ਬਣ ਕੇ ਮੁਕੱਦਮਾ ਦਰਜ ਕਰਵਾ ਦਿੱਤਾ ਸੀ।

ਪੁਲਸ ਵੱਲੋਂ ਪਿਆਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਿਸ ਨੇ ਆਪਣੀ ਮੁੱਢਲੀ ਪੁੱਛਗਿੱਛ ਦੌਰਾਨ ਮੰਨਿਆ ਕਿ ਉਹ ਆਨਲਾਇਨ ਗੇਮ ਦੌਰਾਨ ਕ੍ਰੀਬ 25 ਲੱਖ ਰੁਪਏ ਹਾਰ ਗਿਆ ਸੀ ਤੇ ਉਸ ਦਾ ਪਿਤਾ ਮ੍ਰਿਤਕ ਲਖਵੀਰ ਸਿੰਘ ਉਸ (ਪਿਆਰਜੀਤ ਸਿੰਘ) ਤੋਂ ਪੈਸਿਆਂ ਦਾ ਹਿਸਾਬ ਮੰਗਦਾ ਸੀ, ਜਿਸ ਕਾਰਨ ਉਸ ਨੇ ਆਪਣੇ ਪਿਤਾ ਲਖਵੀਰ ਸਿੰਘ ਨੂੰ ਚਾਕੂ ਮਾਰ ਕੇ ਕਤਲ ਕਰ ਦਿੱਤਾ।ਮੁਕੱਦਮੇ ਦੀ ਤਫਤੀਸ਼ ਜਾਰੀ ਹੈ।

ਕਾਰ-ਮੋਟਰਸਾਈਕਲ ਦੀ ਟੱਕਰ 'ਚ ਪਤੀ ਦੀ ਮੌਤ, ਪਤਨੀ ਜ਼ਖਮੀ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਕੁੱਲਗੜੀ ਅਧੀਨ ਪੈਂਦੇ ਅਮਨਦੀਪ ਹਸਪਤਾਲ ਨੇੜੇ ਬੀਤੇ ਦਿਨ ਮੋਟਰਸਾਈਕਲ ਤੇ ਕਾਰ ਦੀ ਟੱਕਰ ਵਿੱਚ ਮੋਟਰਸਾਈਕਲ ਸਵਾਰ ਵਿਅਕਤੀ ਦੀ ਮੌਤ ਹੋ ਗਈ ਅਤੇ ਉਸ ਦੀ ਪਤਨੀ ਬੁਰੀ ਤਰ੍ਹਾਂ ਜ਼ਖਮੀ ਹੋ ਗਈ।ਉਕਤ ਮਾਮਲੇ 'ਚ ਪੁਲਸ ਨੇ ਮ੍ਰਿਤਕ ਦੇ ਭਰਾ ਦੇ ਬਿਆਨਾਂ 'ਤੇ ਕਾਰ ਚਾਲਕ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਕੁੱਲਗੜੀ ਦੇ ਸਹਾਇਕ ਇੰਸਪੈਕਟਰ ਵੇਦ ਪ੍ਰਕਾਸ਼ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ 'ਚ ਸ਼ਿਕਾਇਤਕਰਤਾ ਇੰਦਰਜੀਤ ਸਿੰਘ ਪੁੱਤਰ ਗੁਰਲਾਲ ਸਿੰਘ ਵਾਸੀ ਨਸੀਰਾ ਖਿਲਚੀਆਂ ਨੇ ਦੱਸਿਆ ਕਿ ਉਸ ਦਾ ਭਰਾ ਬਘੇਲ ਸਿੰਘ ਤੇ ਭਾਬੀ ਕੁਲਜੀਤ ਕੌਰ ਨੇ ਬੀਤੇ ਦਿਨ ਜਦੋਂ ਅਮਨਦੀਪ ਹਸਪਤਾਲ ਮੱਲਵਾਲ ਕਦੀਮ ਨੇੜੇ ਮੋਟਰਸਾਈਕਲ 'ਤੇ ਜਾ ਰਹੇ ਸੀ ਤਾਂ ਉਸ ਨੂੰ ਦੋਸ਼ੀ ਪੰਕਜ ਪੁੱਤਰ ਬਲਕਾਰ ਚੰਦ ਵਾਸੀ ਚੱਕਾ ਨਿਧਾਨਾ ਨੇ ਲਾਪ੍ਰਵਾਹੀ ਨਾਲ ਆਪਣੀ ਕਾਰ ਨਾਲ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੇ ਭਰਾ ਬਘੇਲ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਭਾਬੀ ਕੁਲਜੀਤ ਕੌਰ ਜ਼ਖ਼ਮੀ ਹੋ ਗਈ।ਮਾਮਲੇ ਦੀ ਜਾਂਚ ਕਰ ਰਹੇ ਥਾਣਾ ਮੁਖੀ ਵੇਦ ਪ੍ਰਕਾਸ਼ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ 'ਚ ਕਥਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਜ਼ਮੀਨ ਦੀ ਵੰਡ ਨੂੰ ਲੈ ਵਿਅਕਤੀ ਦੀ ਕੁੱਟਮਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਪਿੰਡ ਲਹਿਰਾ ਬੇਟ ਵਿਖੇ ਭਰਾਵਾਂ ਦੀ ਜ਼ਮੀਨ ਦੀ ਆਪਸ ਵੰਡ ਨੂੰ ਲੈ ਵਿਅਕਤੀ ਦੇ ਸੱਟਾਂ ਮਾਰਨ ਦੇ ਦੋਸ਼ ਵਿੱਚ ਥਾਣਾ ਮਖੂ ਪੁਲਸ ਨੇ 5 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵੰਤ ਸਿੰਘ ਨੇ ਦੱਸਿਆ ਕਿ ਇਹ ਮੁਕੱਦਮਾ ਮੁੱਦਈ ਸੁਖਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਲਹਿਰਾ ਬੇਟ 8 ਅਗਸਤ 2024 ਨੂੰ ਹੋਏ ਬੋਲ ਬੁਲਾਰੇ ਤੇ ਲੜਾਈ ਝਗੜੇ ਦੌਰਾਨ ਸੱਟਾਂ ਲੱਗਣ ਕਰਕੇ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਦਾਖਲ ਹੋਇਆ ਸੀ, ਜੋ ਉਸ ਸਮੇਂ ਉਸ ਦਾ ਦੋਸ਼ੀਅਨ ਸਤਪਾਲ ਸਿੰਘ, ਲਖਵਿੰਦਰ ਸਿੰਘ ਪੁੱਤਰਾਨ ਮਹਿੰਦਰ ਸਿੰਘ, ਕੁਲਵਿੰਦਰ ਸਿੰਘ ਪੁੱਤਰ ਸਤਪਾਲ ਸਿੰਘ, ਗੁਰਮੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀਅਨ ਲਹਿਰਾ ਬੇਟ ਅਤੇ ਸੁਖਰਾਜ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਸ਼ੀਹਾ ਪਾੜੀ ਨਾਲ ਭਰਾਵਾਂ ਦੀ ਜ਼ਮੀਨ ਦੀ ਆਪਸੀ ਵੰਡ ਨੂੰ ਲੈ ਕੇ ਝਗੜੇ ਸਬੰਧੀ ਮਾਨਯੋਗ ਅਦਾਲਤ ਵਿੱਚ ਕੇਸ ਚੱਲਦਾ ਹੋਣ ਕਰਕੇ ਸੱਟਾਂ ਲੱਗਣ ਸਬੰਧੀ ਮਾਮਲਾ ਸ਼ੱਕੀ ਪਾਏ ਜਾਣ 'ਤੇ ਸੱਟਾਂ ਲੱਗਣ ਸਬੰਧੀ ਰਪਟ ਦਰਜ ਕੀਤੀ ਗਈ ਸੀ। ਜੋ ਹੁਣ ਸੁਖਵਿੰਦਰ ਸਿੰਘ ਦੀ ਡਾਕਟਰੀ ਰਿਪੋਰਟ ਥਾਣਾ ਮੌਸੂਲ ਹੋਣ ਤੇ ਉਕਤ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ।

ਕੰਪਿਊਟਰ ਅਧਿਆਪਕਾਂ ਰੋਸ ਮਾਰਚ ਕਰਕੇ ਫੂਕਿਆ ਸਰਕਾਰ ਦਾ ਪੁਤਲਾ

8ਵੇਂ ਦਿਨ ਵੀ ਜਾਰੀ ਰਹੀ ਭੁੱਖ ਹੜਤਾਲ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸੂਬੇ ਭਰ ਦੇ ਕੰਪਿਊਟਰ ਅਧਿਆਪਕਾਂ ਵੱਲੋਂ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ 1 ਸਤੰਬਰ ਤੋਂ ਸ਼ੁਰੂ ਕੀਤੀ ਭੁੱਖ ਹੜਤਾਲ ਤੇ ਸੂਬਾ ਪੱਧਰੀ ਸੰਘਰਸ਼ ਸ਼ਿਖਰਾਂ ਵੱਲ ਵੱਧਦਾ ਜਾ ਰਿਹਾ।ਸੰਘਰਸ਼ ਦੇ 8ਵੇਂ ਦਿਨ ਵੱਡੀ ਗਿਣਤੀ ਵਿੱਚ ਕੰਪਿਊਟਰ ਅਧਿਆਪਕਾਂ ਦੇ ਨਾਲ ਨਾਲ ਹੋਰਨਾਂ ਭਰਾਤਰੀ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਸੰਗਰੂਰ ਵਿਖੇ ਪਹੁੰਚਦੇ ਹੋਏ ਕੰਪਿਊਟਰ ਅਧਿਆਪਕਾਂ ਦੀ ਸੰਘਰਸ਼ ਦੀ ਹਮਾਇਤ ਕੀਤੀ ਗਈ।ਇਸ ਮੌਕੇ ਇਕੱਤਰ ਹੋਏ ਕੰਪਿਊਟਰ ਅਧਿਆਪਕਾਂ ਤੇ ਹੋਰਨਾਂ ਸਾਥੀਆਂ ਵੱਲੋਂ ਪੰਜਾਬ ਸਰਕਾਰ ਖਿਲਾਫ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਗਈ ਅਤੇ ਰੋਸ ਮਾਰਚ ਕੱਢਦੇ ਹੋਏ ਸਥਾਨਕ ਟ੍ਰੈਫਿਕ ਚੌਕ ਵਿੱਚ ਪਹੁੰਚ ਕੇ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ।ਇਸ ਮੌਕੇ ਕੰਪਿਊਟਰ ਆਧਿਆਪਕ ਆਗੂ ਪਰਮਵੀਰ ਸਿੰਘ, ਜੋਨੀ ਸਿੰਗਲਾ, ਗੁਰਬਖਸ਼ ਲਾਲ, ਲਖਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਉਨ੍ਹਾਂ ਨਾਲ ਕੀਤਾ ਗਿਆ ਵਾਅਦਾ ਪੂਰਾ ਨਹੀਂ ਕੀਤਾ ਗਿਆ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਲ਼ ਨਾਲ ਆਮ ਆਦਮੀ ਪਾਰਟੀ ਦੀ ਸਾਰੀ ਆਗੂਆਂ ਵੱਲੋਂ ਉਨ੍ਹਾਂ ਦੀ ਸਰਕਾਰ ਬਣਨ 'ਤੇ ਕੰਪਿਊਟਰ ਅਧਿਆਪਕਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਨੂੰ ਬਿਨਾਂ ਦੇਰੀ ਪੂਰਾ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਹੁਣ ਹਾਲਾਤ ਇਹ ਹੈ ਕਿ ਮੁੱਖ ਮੰਤਰੀ ਵੱਲੋਂ 30 ਤੋਂ ਵੱਧ ਵਾਰ ਉਨ੍ਹਾਂ ਨੂੰ ਮੀਟਿੰਗ ਦਾ ਸਮਾਂ ਦਿੱਤਾ ਗਿਆ ਤਾਂ ਅਤੇ ਇੱਕ ਵਾਰ ਵੀ ਉਨ੍ਹਾਂ ਨਾਲ ਮੀਟਿੰਗ ਨਹੀਂ ਕੀਤੀ ਗਈ।ਵਿੱਤ ਮੰਤਰੀ ਹਰਪਾਲ ਚੀਮਾ ਖਜ਼ਾਨਾ ਖਾਲੀ ਹੋਣ ਦਾ ਰੋਣਾ ਰੋ ਰਹੇ ਹਨ।ਸਿੱਖਿਆ ਮੰਤਰੀ ਹਰਜੀਤ ਸਿੰਘ ਬੈਂਸ ਵੱਲੋਂ ਪਿਛਲੇ ਢਾਈ ਸਾਲਾਂ ਤੋਂ ਉਨ੍ਹਾਂ ਨੂੰ ਲਾਰੇ ਹੀ ਲਗਾਏ ਜਾ ਰਹੇ ਹਨ।15 ਸਤੰਬਰ 2022 ਨੂੰ ਉਨ੍ਹਾਂ ਵੱਲੋਂ ਦਿਵਾਲੀ ਮੌਕੇ ਕੰਪਿਊਟਰ ਅਧਿਆਪਕਾਂ ਦੀਆਂ ਸਾਰੀਆਂ ਮੰਗਾਂ ਨੂੰ ਪੂਰਾ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਉਹ ਐਲਾਨ ਫੂਕ ਪਟਾਕਾ ਹੀ ਨਿਕਲਿਆ।

ਕੰਪਿਊਟਰ ਅਧਿਆਪਕਾਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਮਾਂ ਰਹਿੰਦੇ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਨੂੰ ਸੂਬਾ ਸਰਕਾਰ ਵੱਲੋਂ ਪੂਰਾ ਨਾ ਕੀਤਾ ਗਿਆ ਤਾਂ ਉਹ ਇਹ ਚੱਲ ਰਹੀ ਭੁੱਖ ਹੜਤਾਲ ਨੂੰ ਜਲਦ ਹੀ ਮਰਨ ਵਰਤ ਵਿੱਚ ਤਬਦੀਲ ਕਰ ਦੇਣਗੇ ਅਤੇ ਇਸ ਪੂਰੇ ਸੰਘਰਸ਼ ਨੂੰ ਰਾਜ ਵਿਆਪੀ ਬਣਾ ਦਿੱਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ।

ਇਸ ਮੌਕੇ ਵੱਡੀ ਗਿਣਤੀ ਵਿੱਚ ਕੰਪਿਊਟਰ ਅਧਿਆਪਕਾਂ ਦੇ ਨਾਲ ਨਾਲ ਕਿਰਤੀ ਕਿਸਾਨ ਯੂਨੀਅਨ ਪੰਜਾਬ, ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ, ਹੈੱਡ ਮਾਸਟਰ ਐਸੋਸੀਏਸ਼ਨ ਪੰਜਾਬ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਅਤੇ 750 ਲਾਇਬ੍ਰੇਰੀਅਨ ਐਸੋਸੀਏਸ਼ਨ ਪੰਜਾਬ ਦੇ ਆਗੂ ਮੌਜੂਦ ਰਹੇ।ਇਸ ਮੌਕੇ ਕੰਪਿਊਟਰ ਅਧਿਆਪਕਾਂ ਵੱਲੋਂ ਇੱਕ ਖੂਨਦਾਨ ਕੈਂਪ ਵੀ ਲਾਇਆ ਗਿਆ, ਜਿਸ ਵਿੱਚ ਸੂਬੇ ਭਰ ਤੋਂ ਆਏ ਕੰਪਿਊਟਰ ਅਧਿਆਪਕਾਂ ਵੱਲੋਂ ਵੱਡੀ ਗਿਣਤੀ ਵਿੱਚ ਖੂਨ ਦਾਨ ਕਰਦੇ ਹੋਏ ਆਪਣੇ ਸਮਾਜਿਕ ਫਰਜ਼ ਨਿਭਾਉਣ ਦੀ ਮਿਸਾਲ ਵੀ ਪੇਸ਼ ਕੀਤੀ ਗਈ।

ਕਾਤਰਾਂ

ਦਿਨ ਦਿਹਾੜੇ ਨੌਜਵਾਨ ਦਾ ਕਤਲ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਅਬਲੋਵਾਲ ਇਲਾਕੇ ਵਿੱਚ 22 ਸਾਲਾ ਨੌਜਵਾਨ ਕਰਨ ਦਾ ਦਿਨ ਦਿਹਾੜੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ ਹੈ।ਇਸ ਮਾਮਲੇ ਵਿੱਚ ਪੁਲਸ ਨੇ ਪੰਜ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ।ਮੁਲਜ਼ਮਾਂ ਵਿੱਚੋਂ ਤਿੰਨ ਦੀ ਪਛਾਣ ਅੰਸ਼ ਵਾਸੀ ਪਸਿਆਣਾ, ਅਮਨ ਵਾਸੀ ਗਊਸ਼ਾਲਾ ਰੋਡ ਪਟਿਆਲਾ ਤੇ ਯੁਵਰਾਜ ਵਾਸੀ ਕਾਹਲਵਾਂ ਪਟਿਆਲਾ ਵਜੋਂ ਹੋਈ ਹੈ।ਜਾਣਕਾਰੀ ਅਨੁਸਾਰ ਪੁਲਸ ਵੱਲੋਂ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਪਰ ਡੀ ਐੱਸ ਪੀ ਵੈਭਵ ਚੌਧਰੀ ਨੇ ਦੱਸਿਆ ਕਿ ਤਿੰਨੋਂ ਮੁਲਜ਼ਮਾਂ ਨੂੰ ਟਰੇਸ ਕਰ ਲਿਆ ਗਿਆ ਹੈ, ਪਰ ਕੋਈ ਗ੍ਰਿਫ਼ਤਾਰੀ ਨਹੀਂ ਹੋਈ।ਸਿਵਲ ਲਾਈਨ ਥਾਣਾ ਇੰਚਾਰਜ ਅੰਮ੍ਰਿਤਵੀਰ ਚਾਹਲ ਤੇ ਉਨ੍ਹਾਂ ਦੀ ਟੀਮ ਨੇ ਮੁਲਜ਼ਮਾਂ ਦੀ ਪਛਾਣ ਕਰ ਲਈ ਹੈ, ਜਲਦੀ ਹੀ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਵੱਲੋਂ 10 ਤੋਂ ਸੂਬੇ 'ਚ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸ਼੍ਰੋਮਣੀ ਅਕਾਲੀ ਦਲ 4 ਵਿਧਾਨ ਸਭਾ ਸੀਟਾਂ ਲਈ ਹੋਣ ਵਾਲੀਆਂ ਉੱਪ-ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਘੇਰਨ ਦੀ ਤਿਆਰੀ ਕਰ ਰਿਹਾ ਹੈ।ਅਕਾਲੀ ਦਲ ਨੇ ਹੁਣ ਪੂਰੇ ਸੂਬੇ 'ਚ ਬਿਜਲੀ ਸਬਸਿਡੀ ਖਤਮ ਕਰਨ, ਪੈਟਰੋਲ ਤੇ ਡੀਜ਼ਲ 'ਤੇ ਵੈਟ ਵਧਾਉਣ ਅਤੇ ਸੂਬੇ 'ਚ ਵਧ ਰਹੇ ਅਪਰਾਧ ਸਮੇਤ ਵੱਖ-ਵੱਖ ਮੁੱਦਿਆਂ 'ਤੇ ਰੋਸ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ ਹੈ।ਇਹ ਪ੍ਰੋਗਰਾਮ ਮੰਗਲਵਾਰ ਨੂੰ ਲੁਧਿਆਣਾ ਤੋਂ ਸ਼ੁਰੂ ਹੋਵੇਗਾ।ਪਾਰਟੀ ਪ੍ਰਧਾਨ ਬਲਵਿੰਦਰ ਸਿੰਘ ਭੂਦੜ ਨੇ ਕਿਹਾ ਕਿ ਉਹ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਨਗੇ।ਉਨ੍ਹਾਂ ਸਮੂਹ ਅਕਾਲੀ ਆਗੂਆਂ ਤੇ ਸਮਰਥਕਾਂ ਨੂੰ ਇਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਪ੍ਰਦਰਸ਼ਨ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੂਰੀ ਵਿਉਂਤਬੰਦੀ ਕੀਤੀ ਗਈ ਹੈ।ਇਹ ਰੋਸ ਪ੍ਰਦਰਸ਼ਨ 10 ਸਤੰਬਰ ਤੋਂ 23 ਸਤੰਬਰ ਤੱਕ ਚੱਲੇਗਾ, ਜਿਸ ਤਹਿਤ 10 ਨੂੰ ਲੁਧਿਆਣਾ, 11 ਨੂੰ ਫਿਰੋਜ਼ਪੁਰ, 12 ਨੂੰ ਫਾਜ਼ਿਲਕਾ, 13 ਨੂੰ ਮੋਗਾ, 16 ਨੂੰ ਸ੍ਰੀ ਮੁਕਤਸਰ ਸਾਹਿਬ, 17 ਨੂੰ ਬਠਿੰਡਾ, 18 ਨੂੰ ਮਾਨਸਾ, 19 ਨੂੰ ਸੰਗਰੂਰ, 20 ਨੂੰ ਬਰਨਾਲਾ ਤੇ 23 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਨਗਰ ਵਿਖੇ ਪ੍ਰਦਰਸ਼ਨ ਕੀਤੇ ਜਾਣਗੇ।

ਮਹਿਲਾਵਾਂ ਲਈ ਵਿਸ਼ੇਸ਼ ਮੈਗਾ ਰੋਜ਼ਗਾਰ ਕੈਂਪ ਭਲਕੇ

ਮਲੋਟ (ਗੁਰਮੀਤ ਸਿੰਘ ਮੱਕੜ)-ਪੰਜਾਬ ਸਰਕਾਰ ਵੱਲੋਂ 10 ਸਤੰਬਰ ਨੂੰ ਮਲੋਟ ਵਿਖੇ ਮਹਿਲਾਵਾਂ ਲਈ ਵਿਸ਼ੇਸ਼ ਮੈਗਾ ਰੋਜ਼ਗਾਰ/ਨੌਕਰੀ ਕੈਂਪ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਦੇ ਹੋਰ ਵਿਸ਼ੇਸ਼ ਮੈਗਾ ਰੋਜ਼ਗਾਰ ਕੈਂਪ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਕ੍ਰਮਵਾਰ ਲਗਾਏ ਜਾਣਗੇ। ਇਸ ਦਾ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਰੋਜ਼ਗਾਰ ਕੈਂਪ ਵਿੱਚ ਵੱਖ-ਵੱਖ ਨਾਮੀ ਕੰਪਨੀਆਂ

9 Septt - Page - 6.qxd 9/8/2024 9:49 PM Page 1

ਦੋਆਬਾ ਵਾਤਾਵਰਣ ਪ੍ਰੇਮੀ ਕਮੇਟੀ ਤੇ ਸੋਸ਼ਲ ਵੈੱਲਫੇਅਰ ਸੁਸਾਇਟੀ ਨੇ ਵੱਖ ਵੱਖ ਕਿਸਮਾਂ ਦੇ ਲਗਾਏ ਬੂਟੇ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)-ਦੋਆਬਾ ਵਾਤਾਵਰਣ ਪ੍ਰੇਮੀ ਕਮੇਟੀ ਮਾਹਿਲਪੁਰ ਅਤੇ ਸੋਸ਼ਲ ਵੈਲਫੇਅਰ ਸੁਸਾਇਟੀ ਗੜ੍ਹਸ਼ੰਕਰ ਵਲੋਂ ਪਿੰਡ ਭਾਮ, ਕੈਂਡੋਵਾਲ ਅਤੇ ਮਾਹਿਲਪੁਰ ਵਿਖੇ ਛਾਂਦਾਰ ਅਤੇ ਫਲਦਾਰ ਬੂਟੇ ਲਗਾਏ ਗਏ। ਇਸ ਮੌਕੇ ਦੋਆਬਾ ਵਤਾਵਰਣ ਕਮੇਟੀ ਦੇ ਪ੍ਰਧਾਨ ਪ੍ਰਿੰ: ਰੁਪਿੰਦਰਜੋਤ ਸਿੰਘ ਨੇ ਹਰ ਇਨਸਾਨ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਨੂੰ ਸਮੇਂ ਦੀ ਮੰਗ ਦੱਸਿਆ। ਇਸ ਮੌਕੇ ਸੋਸ਼ਲ ਵੈਲਫੇਅਰ ਸੁਸਾਇਟੀ ਗੜ੍ਹਸ਼ੰਕਰ ਦੇ ਪ੍ਰਧਾਨ ਹਰਵੇਲ ਸਿੰਘ ਸੈਣੀ ਨੇ ਵਾਤਾਵਰਣ ਪ੍ਰਤੀ ਆ ਰਹੀਆਂ ਦਰਪੇਸ਼ ਚੁਣੌਤੀਆਂ ਬਾਰੇ ਜਾਣਕਾਰੀ ਦੱਸਿਆ ਕਿ ਉਨ੍ਹਾਂ ਦਾ ਟੀਚਾ ਬੱਚਿਆਂ ਅਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਬੂਟੇ ਲਾਉਣ ਲਈ ਪ੍ਰੇਰਨਾ ਹੈ ਤਾਂ ਜੋ ਇਹ ਇਲਾਕਾ ਜੋ ਕਦੇ ਅੰਬਾਂ ਦੇ ਇਲਾਕੇ ਵਜੋਂ ਜਾਣਿਆ ਜਾਂਦਾ ਸੀ, ਨੂੰ ਇਕ ਵਾਰ ਫਿਰ ਤੋਂ ਹਰਿਆ-ਭਰਿਆ ਬਣਾਇਆ ਜਾਏ। ਇਸ ਮੌਕੇ ਪ੍ਰਸਿੱਧ ਕਵਿੱਤਰੀ ਅਮਰਜੀਤ ਕੌਰ ਅਮਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਜੀਵਨ ਵਿੱਚ ਘੱਟੋ-ਘੱਟ ਇੱਕ ਬੂਟਾ ਜ਼ਰੂਰ ਲਗਾਉਣਾ ਅਤੇ ਪਾਲਣਾ ਚਾਹੀਦਾ ਹੈ। ਪ੍ਰਸਿੱਧ ਕੋਚ ਅਤੇ ਖੇਡ ਲੇਖਕ ਡਾ.ਪਰਮਪ੍ਰੀਤ ਕੈਡੋਂਵਾਲ ਨੇ ਦੋਵੇਂ ਸੰਸਥਾਵਾਂ ਦਾ ਧੰਨਵਾਦ ਕੀਤਾ। ਮਾਹਿਲਪੁਰ ਵਿਖੇ ਪ੍ਰੋ: ਅਜੀਤ ਲੰਗੇਰੀ ਨੇ ਇਸ ਹਰਿਆਵਲ ਲਹਿਰ ਨੂੰ ਲੋਕ ਲਹਿਰ ਬਣਾਉਣ 'ਤੇ ਜ਼ੋਰ ਦਿੰਦਿਆਂ ਇਸ ਕਾਰਜ ਨੂੰ ਮਨੁੱਖਤਾ ਦੀ ਸੇਵਾ ਦੱਸਿਆ। ਇਸ ਮੌਕੇ ਤਕਰੀਬਨ 125 ਦੇ ਕਰੀਬ ਅੰਬ, ਨਿੰਮ, ਸੁਹਾਂਜਣਾ, ਜਾਮਣ, ਗੀਠਾ, ਅਮਲਤਾਸ, ਆੜੂ, ਟਾਹਲੀ, ਪਿੱਪਲ ਪਾਰੀਜਾਤ ਫੁਲਦਾਰ ਅਤੇ ਆਦਿ ਬੂਟੇ ਲਗਾਏ ਗਏ। ਇਸ ਸਮੇਂ ਹੋਰਨਾਂ ਤੋਂ ਇਲਾਵਾ ਜਗਜੀਤ ਸਿੰਘ ਗਣੇਸ਼ਪੁਰ, ਜਗਦੀਪ ਸਿੰਘ ਐਮ.ਸੀ ਮਾਹਿਲਪੁਰ, ਦਵਿੰਦਰ ਸਿੰਘ ਭਾਮ, ਜਸਵੀਰ ਸਿੰਘ, ਡਾ. ਪਰਮ ਪ੍ਰੀਤ, ਫੁੱਟਬਾਲ ਕੋਚ ਨਿਰਮਲ ਦੀਪ ਗੋਰਾ, ਦਵਿੰਦਰ ਕੁਮਾਰ, ਹਰਦਿਲ ਪ੍ਰੀਤ, ਸਾਹਿਲ ਆਦਿ ਸ਼ਾਮਲ ਸਨ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਕੁਲਵਿੰਦਰ ਸਿੰਘ ਬਿੰਦ ਨਾਇਬ ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਲੋਹੀਆਂ, ਜ਼ਿਲ੍ਹਾ ਜਲੰਧਰ।

ਮਿਸਲ ਨੰ: 11/ਐੱਨ. ਟੀ./2024
ਦਾਇਰ ਮਿਤੀ : 31.07 2024

1. ਸ੍ਰੀ ਬਲਵੀਰ ਕੌਰ ਪਤਨੀ ਪਰਵਿੰਦਰ ਸਿੰਘ ਪੁੱਤਰ ਮੋਹਰ ਸਿੰਘ ਪਿੰਡ ਬਾਦਸ਼ਾਹਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ

ਬਨਾਮ

1. ਸ੍ਰੀਮਤੀ ਰਜਿੰਦਰ ਸਿੰਘ ਪੁੱਤਰ ਮੋਹਰ ਸਿੰਘ ਪੁੱਤਰ ਰਤਨ ਸਿੰਘ, 2. ਵਲਾਇਤੀ ਰਾਮ ਪੁੱਤਰ ਲਾਲਜੀ ਰਾਮ, 2. ਕਰਮ ਚੰਦ ਪੁੱਤਰ ਲਾਲਜੀ ਰਾਮ, 3. ਸ਼ੀਲੋ ਪੁੱਤਰੀ ਲਾਲਜੀ ਰਾਮ,4. ਬਿਬੋ ਪੁੱਤਰੀ ਲਾਲਜੀ ਰਾਮ, 5. ਬੇਲਾ ਵਿਧਵਾ ਅਮੀ ਚੰਦ, 6. ਤੀਰਥੀ ਪੁੱਤਰੀ ਅਮੀ ਚੰਦ,7. ਕੇਸ਼ਲਿਆ ਪੁੱਤਰੀ ਅਮੀ ਚੰਦ, 8. ਸ਼ਾਂਤੀ ਪੁੱਤਰੀ ਅਮੀ ਚੰਦ, 9. ਨਿਰਮਲਾ ਦੇਵੀ ਪੁੱਤਰੀ ਅਮੀ ਚੰਦ, 10. ਰਕਸ਼ਾ ਦੇਵੀ ਪੁੱਤਰੀ ਅਮੀ ਚੰਦ, 11. ਤੀਰਥ ਰਾਮ ਪੁੱਤਰ ਅਮੀ ਚੰਦ, 12 ਤਾਰਾ ਸਿੰਘ ਪੁੱਤਰ ਮੱਖਣ ਸਿੰਘ ਪਿੰਡ ਨਿਹਾਲੂਵਾਲੇ, ਤਹਿਸੀਲ ਸ਼ਾਹਕੋਟ (ਜਲੰਧਰ)।

ਉਪਰੋਕਤ ਵਿਸ਼ੇ ਸੰਬੰਧੀ ਪਹਿਲੀ ਧਿਰ ਵੱਲੋਂ ਇਸ ਦਫਤਰ ਵਿਚ ਦਰੁਸਤੀ ਗਿਰਦਾਵਰੀ ਦਾ ਕੇਸ ਚੱਲ ਰਿਹਾ ਹੈ। ਇਸ ਕੇਸ ਦੀ ਅਗਲੀ ਤਾਰੀਕ ਪੇਸ਼ੀ ਮਿਤੀ 17.09.24 ਪਾਈ ਗਈ ਹੈ। ਇਸ ਕੇਸ ਸੰਬੰਧੀ ਕਿਸੇ ਵਿਅਕਤੀ ਨੂੰ ਕੋਈ ਉਜਰ ਜਾਂ ਇਤਰਾਜ਼ ਹੋਵੇ ਤਾਂ ਉਹ ਉਕਤ ਅਦਾਲਤ ਵਿਚ 10 ਦਿਨ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਅਖਬਾਰੀ ਇਸ਼ਤਿਹਾਰ (ਨਵਾਂ ਜ਼ਮਾਨਾ ਅਖਬਾਰ) ਰਾਹੀਂ ਪਬਲਿਕ ਨੋਟਿਸ ਕਢਵਾਇਆ ਜਾ ਰਿਹਾ ਹੈ। ਇਸ ਕੇਸ ਵਿਚ ਇਤਰਾਜ਼ ਨਾ ਆਉਣ ਦੀ ਸੂਰਤ ਵਿਚ ਨਿਯਮਾਂ ਅਨੁਸਾਰ ਰਿਕਾਰਡ ਮਾਲ ਵਿਚ ਸਾਂਝਾ ਖਾਤਾ ਹੋਣ ਕਰਕੇ ਪਹਿਲੀ ਧਿਰ ਦੀ ਤਕਸੀਮ ਕੀਤੀ ਜਾਵੇਗੀ ਅਤੇ ਬਾਅਦ ਗੁਜ਼ਰਨੇ ਮਿਆਦ ਕੋਈ ਉਜਰ ਸੁਣਵਾਈ ਯੋਗ ਨਹੀਂ ਹੋਵੇਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਅੱਵਲ ਲੋਹੀਆਂ।
ਨੰ. 213/ 27.8.2024

COURT NOTICE

(U/o 5 Rule 20 CPC)
In the Court of
Ms. Geeta Rani
Civil Judge (Junior Division), Kharar
CNR No. PBSAA0-000801-2019
Next Date 18.09.2024
Jasminder Kaur @ Jaswinder Kaur
Vs.
Pawan Kumar Nanda
Publication Issued to
2. Sukhminder Kaur @ Sukhwinder Kaur D/o Late Sh. Sucha Singh, House No. 439, Sector 13, Village Khanpur, Teh. Kharar, Distt. SAS Nagar, Mohali.
2nd Address : House No. 1482-37, A Ave NW Edmonton, Alberta T 6 T OJ 1, Canada.
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 18.09.2024 at 10:00 A.M.
For details logon to https://highcourtchd.gov.in/?trs=district_notice&district=SAS Nagar
Civil Judge (Junior Division), Kharar
Dated this day of 05-09-2024

ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਅਤੇ ਫਾਸਟ ਟਰੈਕ ਕੋਰਟ ਫਾਰ ਐਨ.ਆਰ.ਆਈਜ਼, ਜਲੰਧਰ

ਕੇਸ ਨੰਬਰ: 488/ਐੱਫ ਟੀ ਸੀ/ਐੱਨ ਆਰ ਆਈ, ਨੰ. 492/ਰੀਡਰ/ਡੀ ਆਰ ਓ ਮਿਤੀ : 04.09.24
ਕੇਸ ਅਨੁਵਾਨ : Sara Ann Dhesi Vs Manjit Kaur and Others
ਵਾਕਿਆ ਪਿੰਡ : Village Seham, Tehsil Phillour, District Jalandhar
ਖੇਵਟ ਨੰਬਰ: 189, 191, 193, 194

ਨੋਟਿਸ ਬਨਾਮ:-

1. Manjit Kaur Mother of Ravinder Singh son of Joginder Singh, 2. Nasib Kaur Mother of Joginder Singh son of Ajit Singh, 3.Tarlok Singh son of Ajit Singh son of Beeru, 4. Darshan Singh Son of Ajit Singh son of Beeru, 5. Shittal Singh son of Joginder Singh son of Ajit Singh, 6. Pritam Kaur widow of Jarnail Singh son of Ajit Singh, 7. Pritam Kaur Alias Gurmeet Kaur widow of Jarnail Singh Son Of Ajit Singh, 8. Satifan Alias Satifan Son of Jarnail Singh son of Ajit Singh, 9. Kamaljot Kaur daughter of Jarnail Singh son of Ajit Singh, 10. Navjot Kaur daughter of Jarnail Singh son of Ajit Singh , 11. Manjit Kaur Widow of Jarnail Singh son of Ajit Singh, 12. Ravinder Singh son of Joginder Singh son of Ajit Singh, 13. Sukhwinder Kaur Daughter of Joginder Singh son of Ajit Singh , 14. Jhalman Singh son of Kartar Singh son of Ajit Singh, 15. Sulakhan Singh son of Charan Singh son of Dalip Singh, 16. Ajit Singh son of Dalip Singh son of Nand Singh , 17. Varinder Kaur Widow of Jagtar Singh Son of Dalip Singh, 18. Amrinder Singh son of Jagtar Singh son of Dalip Singh, 19. Rajinder Singh son of Jarnail Singh son of Ajit Singh, 20. Surinder Kaur Widow of Tarlok Singh son of Ajit Singh, 21. Navtej Singh son of Tarlok Singh son of Ajit Singh , 22. Mandish Kaur daughter of Tarlok Sing son of Ajit Singh, 23. Amit Mittal Son of Ramesh Chander Son of Baldev Raj, 24. Shashiv Mittal Son of Naresh Kumar son of Baldev Raj, 25. Vaibhav Mittal Son of Naresh Kumar son of Baldev Raj, 26. Prithav Mittal Son of Naresh Kumar son of Baldev Raj.

All Resident of Village Seham , Tehsil Phillour (Noor Mahal) District Jalandhar,

ਉਕਤ ਤਕਸੀਮ ਮੁਕੱਦਮਿਆਂ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ ਉੱਤੇ ਤਾਮੀਲ ਹੋਣੀ ਮਸ਼ਕਲ ਹੈ, ਇਸ ਲਈ ਮਿਤੀ 18/9/24 ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ ਉਤੇ ਖੁਦ ਜਾਂ ਬਜਰੀਆ ਮੁਖਤਿਆਰ ਜਾਂ ਕਿਸੇ ਵਕੀਲ ਰਾਹੀਂ ਇਸ ਅਦਾਲਤ ਵਿੱਚ ਪੇਸ਼ ਹੋਣ, ਉਕਤ ਮਿਤੀ 'ਤੇ ਇਸ ਅਦਾਲਤ ਵਿੱਚ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਉਨਾਂ ਖਿਲਾਫ ਯਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 4/9/24 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ/ਇਸ਼ਤਿਹਾਰ ਜਾਰੀ ਕੀਤਾ ਗਿਆ

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਅਤੇ ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਜਲੰਧਰ।

ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਅਤੇ ਫਾਸਟ ਟਰੈਕ ਕੋਰਟ ਫਾਰ ਐਨ.ਆਰ.ਆਈਜ਼, ਜਲੰਧਰ

ਕੇਸ ਨੰਬਰ: 516/ਐੱਫ ਟੀ ਸੀ/ਐੱਨ ਆਰ ਆਈ, ਨੰ. 491/ਰੀਡਰ/ਡੀ ਆਰ ਓ, ਮਿਤੀ 4/9/24
ਕੇਸ ਅਨੁਵਾਨ : Gurdawar Singh Vs Sarwan Singh and Others
ਵਾਕਿਆ ਪਿੰਡ : Village Gumtala, Tehsil Phillour, District Jalandhar
ਖੇਵਟ ਨੰਬਰ: 64, 65, 66, 67, 71, 72, 73, 183, 238

ਨੋਟਿਸ ਬਨਾਮ:-

1. Sarwan Singh Son of Sadhu Singh, 2. Nirmal Singh son of Sarwan Singh, 3. Hardev Singh son of Pal Singh son of Santokh Singh, 4. Sajan Petter Singh Paul Son of Santokh Singh, 5. Charn Singh son of Sadhu Singh, 6. Piara Singh Son of Sadhu Singh , 7. Subha Singh Son of Sarwan Singh, 8. Sohan Singh son of Munsha Singh, 9. Tarsem Singh son of Natha Singh, 10. Palwinder Singh son of Sohan Singh, 11. Nirmal Singh son of Sarwan Singh, 12. Surjit Kaur wife of Charan Singh, 13. Piari Wife of Piara Singh , 14. Surinder Singh son of Tarsem Singh, 15. Balwinder Singh son of Tarsem Singh, 16. Kuldeep Singh son of Bakshish Singh, 17. Jarnail Singh son of Bakshish Singh, 18. Amardeep Singh Alias Amarjit Singh son of Mohinder Singh , 19. Paramjit Singh son of Mohinder Singh, 20. Davinder Singh son of Sewa Singh, 21. Narinder Singh son of Sewa Singh , 22. Major Singh son of Darshan Singh , 23. Surjit Singh son of Darshan Singh, 24. Mohan Singh son of Darshan Singh, 25. Inderjit Singh son of Darshan Singh, 26. Surjit Kaur wife of Charan Singh, 27. Piari wife of Piara Singh, 28. Hoshiar Singh Son of Saroop Singh

All Resident of Village Gumtala , Tehsil Phillour (Noormehal), District Jalandhar

ਉਕਤ ਤਕਸੀਮ ਮੁਕੱਦਮਿਆਂ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ ਉੱਤੇ ਤਾਮੀਲ ਹੋਣੀ ਮਸ਼ਕਲ ਹੈ, ਇਸ ਲਈ ਮਿਤੀ 16/9/24 ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ ਉਤੇ ਖੁਦ ਜਾਂ ਬਜਰੀਆ ਮੁਖਤਿਆਰ ਜਾਂ ਕਿਸੇ ਵਕੀਲ ਰਾਹੀਂ ਇਸ ਅਦਾਲਤ ਵਿੱਚ ਪੇਸ਼ ਹੋਣ, ਉਕਤ ਮਿਤੀ 'ਤੇ ਇਸ ਅਦਾਲਤ ਵਿੱਚ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਉਨਾਂ ਖਿਲਾਫ ਯਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 4/9/24 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ/ਇਸ਼ਤਿਹਾਰ ਜਾਰੀ ਕੀਤਾ ਗਿਆ

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਅਤੇ ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਜਲੰਧਰ।

ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਅਤੇ ਫਾਸਟ ਟਰੈਕ ਕੋਰਟ ਫਾਰ ਐਨ.ਆਰ.ਆਈਜ਼, ਜਲੰਧਰ

ਕੇਸ ਨੰਬਰ: 514/ਐੱਫ ਟੀ ਸੀ/ਐੱਨ ਆਰ ਆਈ, ਨੰ. 490/ਐੱਫ ਟੀ ਸੀ/ਐੱਨ ਆਰ ਆਈ, ਮਿਤੀ 4.9.2024
ਕੇਸ ਅਨੁਵਾਨ : Gurinderjit Singh Versus Tejwant Singh and Others
ਵਾਕਿਆ ਪਿੰਡ : Village Muchrowal, Tehsil Phillour, District Jalandhar
ਖੇਵਟ ਨੰਬਰ: 92, 45, 46, 50, 51, 52

ਨੋਟਿਸ ਬਨਾਮ:-

1. Tejwant Singh Son of Partap Singh son of Ram Lal, 2. Tarlochan Singh son of Partap Singh son of Ram Lal, 3. Jatinder Singh son of Partap Singh son of Ram Lal, 4. Parampal singh son of Partap Singh son of Ram Lal, 5. Narinder Kaur widow of Mohinder Singh son of Partap Singh, 6. Ranjit Singh son of Makhan Singh Son of Mukha Singhm 7. Harjit Singh son of Makhan Singh son of M ukha Singh, 8. Avtar Singh son of Sarwan Singh son of Amar Singh, 9. Swaran Kaur daughter of Amar Singh son Wasawa Singh, 10. Bhajan Kaur Daughter of Amar Singh son of Wasawa Singh, 11. Baljit Singh son of Bakshish Singh son of Amar Singh, 12. Gurdeep Kaur Bakshish Singh son of Amar Singh, 13. Darshan Singh Son of Arjun Singh Son of Jamiyat Singh, 14. Parmjit Singh son of Hari Singh son of Amar Singh, 15. Surjit Singh son of Hari Singh son of Amar Singh, 16. Kartar Singh son of Hari Singh son of Amar Singh, 17. Narinder Singh son of Hari Singh son of Amar Singh, 18. Manjit Kaur daughter of Hari Singh son of Amar Singh, 19. Balwinder Kaur daughter of Hari Singh son of Amar Singh , 20. Darshan Singh son of Arjun Singh son of Hardit Singh, 21. Sukhdev Kaur daughter of Arjun Singh son of Hardit Singh , 22. Kuldeep Singh Son of Gian Singh son of Natha Singh, 23. Malkiat Singh son of Gian Singh son of Natha Singh, 24. Jit Singh son of Gian Singh son of Natha Singh, 25. Charanjti Kaur Daughter of Gian Singh Son of Natha Singh, 26. Jaswinder Kaur Daughter of Gian Singh Son of Natha Singh, 27. Balvir Kaur Daughter of Gian Singh Son of Natha Singh, 28. Nirankar Singh son of Davinder Singh son of Makhan Singh , 29. Karan Singh son of Mohinder Singh son of Partap Singh, 30. Paramjit Singh son of Salinder Singh son of Lal Singh, 31. Joginder Singh son of Sarwan Singh son of Amar Singh, 32. Gumukh Singh son of Sarwan Singh son of Amar Singh, 33. Kartar Singh son of Sarwan Singh son of Amar Singh, 34. Ajit Singh son of Sarwan Singh son of Amar Singh, 35. Parminder Singh son of Naranjan Singh son of Lal Singh, 36. Harpreet Singh son of Manjit Singh son of Naranjan Singh, 37. Karanvir Singh son of Manjit Singh son of Naranjan Singh, 38. Jaskaran Singh son of Malkiat Singh son of Naranjan Singh, 39. Harinder Singh son of Malkit Singh Son of Mohan Singh, 40. Mohinder Singh son of Malkit Singh son of Mohan Singh, 41. Subheg Singh son of Daulat singh son of Mohan Singh, 42. Jarnail Singh son of Kuldeep Singh son of Mohan Singh, 43. Harinder Singh son of Malkit Singh son of Mohan Singh, 44. Jaskarn Singh son Malkit Singh son of Mohan Singh, 45. Balbir Kaur widow of Gurmit Singh son of Harkishan Singh, 46. Raj Kaur daughter of Gurmit Singh son of Harkishan Singh, 47. Jarnail Singh Son of Gurmit Singh son of Harkishan Singh, 48. Karnail Singh son of Gurmit Singh son of Harkishan Singh, 49. Ranjit Singh son of Atma Singh son of Lal Singh, 50. Balwinder Kaur daughter of Hari Singh son of Amar Singh, 51. Paramjit Singh son of Hari Singh son of Amar Singh, 52. Darshan Singh son of Arjun Singh, 53. Harjit Kaur Sandhu Widow of Ranjit Singh Sandhu Son of Makhan Singh. All Resident of Village Muchrowal, Tehsil Phillour (NoorMehal) , District Jalandhar. 54. Canara Bank Branch Pachranga, 55. M/s Bajrang Realtier Private Limited,, New Delhi through Surinder Pal, Jalandhar, 56. Marachi Aggri And Research Center, Jalandhar, 57. Parmjit Singh son of Roshan Singh son of Sant Singh Resident of New Vijay Nagar , Jalandhar, 58. Anu Makkar wife of Parmjit Singh son of Roshan Singh son of Sant Singh Resident of New Vijay Nagar , Jalandhar, 59. Harji Singh son of Parmjit Singh son of Roshan Singh son of Sant Singh Resident of New Vijay Nagar, Jalandhar

ਉਕਤ ਤਕਸੀਮ ਮੁਕੱਦਮਿਆਂ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ ਉੱਤੇ ਤਾਮੀਲ ਹੋਣੀ ਮਸ਼ਕਲ ਹੈ, ਇਸ ਲਈ ਮਿਤੀ 16/9/24 ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ ਉਤੇ ਖੁਦ ਜਾਂ ਬਜਰੀਆ ਮੁਖਤਿਆਰ ਜਾਂ ਕਿਸੇ ਵਕੀਲ ਰਾਹੀਂ ਇਸ ਅਦਾਲਤ ਵਿੱਚ ਪੇਸ਼ ਹੋਣ, ਉਕਤ ਮਿਤੀ 'ਤੇ ਇਸ ਅਦਾਲਤ ਵਿੱਚ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਉਨਾਂ ਖਿਲਾਫ ਯਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 4/9/24 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ/ਇਸ਼ਤਿਹਾਰ ਜਾਰੀ ਕੀਤਾ ਗਿਆ

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਅਤੇ ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਜਲੰਧਰ।

ਕੈਬਨਿਟ ਮੰਤਰੀ ਜਿੰਪਾ ਨੇ ਸੁਣੀਆਂ ਲੋਕਾਂ ਦੀਆਂ ਸ਼ਿਕਾਇਤਾਂ

ਹੁਸ਼ਿਆਰਪੁਰ, : (ਓਮ ਪ੍ਰਕਾਸ਼ ਰਾਣਾ)- ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਆਪਣੇ ਦਫ਼ਤਰ ਵਿਖੇ ਜਨਤਾ ਦਰਬਾਰ ਲਗਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਉਨ੍ਹਾਂ ਨੇ ਕਰੀਬ 550 ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸੂਬੇ ਦੇ ਨਾਗਰਿਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ ਹੈ ਅਤੇ ਹਰ ਜਾਇਜ਼ ਸ਼ਿਕਾਇਤ ਦਾ ਨਿਸਚਿਤ ਸਮੇਂ ਵਿਚ ਹੱਲ ਕੀਤਾ ਜਾਵੇਗਾ।ਕੈਬਨਿਟ ਮੰਤਰੀ ਜਿੰਪਾ ਨੇ ਆਪਣੇ ਦਫ਼ਤਰ ਵਿਚ ਆਯੋਜਿਤ ਇਸ ਜਨਤਾ ਦਰਬਾਰ ਵਿਚ ਲੋਕਾਂ ਦੀਆਂ ਵੱਖ-ਵੱਖ ਵਿਭਾਗਾਂ ਨਾਲ ਜੁੜੀਆਂ ਸ਼ਿਕਾਇਤਾਂ ਨੂੰ ਧਿਆਨ ਨਾਲ ਸੁਣਿਆ। ਉਨ੍ਹਾਂ ਮੌਕੇ 'ਤੇ ਹੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਮੱਸਿਆਵਾਂ ਦਾ ਹੱਲ ਨਿਯਮਾਂ ਅਨੁਸਾਰ ਜਲਦ ਤੋਂ ਜਲਦ ਕੀਤਾ ਜਾਵੇ। ਕਈ ਮਾਮਲਿਆਂ ਦਾ ਹੱਲ ਮੌਕੇ 'ਤੇ ਹੀ ਕਰ ਦਿੱਤਾ ਗਿਆ।ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਤੱਤਪਰ ਹੈ ਅਤੇ ਹਰ ਸਮੱਸਿਆ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ।ਇਸ ਮੌਕੇ ਕੈਬਨਿਟ ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਜਨਤਾ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਣ ਅਤੇ ਉਨ੍ਹਾਂ ਦੇ ਹੱਲ ਜਲਦ

9-SEP-PAGE-7.qxd 9/8/2024 9:41 PM Page 1

ਐੱਨ ਆਈ ਏ ਦੀ ਛਾਪੇਮਾਰੀ ਖਿਲਾਫ ਡੀ ਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ

■ ਰਾਸ਼ਟਰਪਤੀ ਦੇ ਨਾਂਅ ਭੇਜਿਆ ਮੰਗ ਪੱਤਰ

ਸ੍ਰੀ ਮੁਕਤਸਰ ਸਾਹਿਬ (ਸ਼ਸ਼ਿੰਦਰ ਪਾਲ, ਪੂਜਾ)-ਐੱਨ ਆਈ ਏ ਵੱਲੋਂ ਪੰਜਾਬ ਤੇ ਚੰਡੀਗੜ੍ਹ ਵਿੱਚ ਛਾਪੇਮਾਰੀ ਤੇ ਗ੍ਰਿਫਤਾਰੀਆਂ ਵਿਰੁੱਧ ਅਤੇ ਸੂਬਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿੱਚ ਜਨਤਕ ਤੇ ਜਮਹੂਰੀ ਜਥੇਬੰਦੀਆਂ ਵੱਲੋਂ ਡੀ ਸੀ ਦਫ਼ਤਰ ਸਾਹਮਣੇ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਰਾਸ਼ਟਰਪਤੀ ਦੇ ਨਾਂਅ ਏ ਡੀ ਸੀ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਡੈਮੋਕ੍ਰੇਟਿਕ ਟੀਚਰ ਫਰੰਟ ਦੇ ਸੂਬਾ ਪ੍ਰੈੱਸ ਸਕੱਤਰ ਮਾਸਟਰ ਪਵਨ ਕੁਮਾਰ, ਨੌਜਵਾਨ ਭਾਰਤ ਸਭਾ ਦੇ ਸੂਬਾ ਜਰਨਲ ਸਕੱਤਰ ਮੰਗਾ ਸਿੰਘ ਆਜ਼ਾਦ, ਬੀਕੇਯੂ ਲੱਖੋਵਾਲ (ਟਿਕੈਤ) ਦੇ ਜਨਰਲ ਸਕੱਤਰ ਗੁਰਮੀਤ ਸਿੰਘ ਲੰਬੀ ਢਾਬ, ਬੀਕੇਯੂ ਕਾਦੀਆਂ ਦੇ ਸੀਨੀਅਰ ਆਗੂ ਨਿਰਮਲ ਸਿੰਘ ਸੰਗੂਧੌਣ, ਬੀਕੇਯੂ ਡਕੌਂਦਾ (ਬੁਰਜ ਗਿੱਲ) ਦੇ ਜ਼ਿਲ੍ਹਾ ਖਜ਼ਾਨਚੀ ਅਮਨਦੀਪ ਸਿੰਘ ਹਰੀਕੇ ਕਲਾਂ, ਬੀਕੇਯੂ ਮਾਲਵਾ ਦੇ ਜ਼ਿਲ੍ਹਾ ਪ੍ਰਧਾਨ ਕੁਲਵੀਰ ਸਿੰਘ ਧੂੜਕੋਟ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੋਬਿੰਦ ਸਿੰਘ ਕੋਟਲੀ ਦੇਵਨ, ਬੀਕੇਯੂ ਮਾਲਵਾ (ਹੀਰਕੇ) ਦੇ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਸਿੰਘ ਮੁਕਤਸਰ, ਕੁੱਲ ਹਿੰਦ ਕਿਸਾਨ ਸਭਾ (ਪੁੰਨਾਂਵਾਲ) ਦੇ ਜ਼ਿਲ੍ਹਾ ਮੀਤ ਪ੍ਰਧਾਨ ਤਰਸੇਮ ਲਾਲ ਮੁਕਤਸਰ, ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ੋਨਲ ਆਗੂ ਸੁਖਪ੍ਰੀਤ ਕੌਰ, ਜਲ ਸਪਲਾਈ ਵਿਭਾਗ ਦੇ ਆਗੂ ਕਾਲਾ ਸਿੰਘ ਸਮਾਘ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਲਖਵੰਤ ਸਿੰਘ ਭੁੱਟੀਵਾਲਾ ਨੇ ਬੋਲਦਿਆਂ ਕਿਹਾ ਕਿ ਕਿਸਾਨੀ ਅੰਦੋਲਨ ਤੋਂ ਬਾਅਦ ਪੰਜਾਬ ਕੇਂਦਰ ਦੀਆਂ ਅੱਖਾਂ ਵਿੱਚ ਰੜਕ ਰਿਹਾ ਹੈ, ਜਿਸ ਕਰਕੇ ਪੰਜਾਬ ਦੀ ਕਿਸਾਨੀ ਤੇ ਲੋਕ ਲਹਿਰ ਨੂੰ ਦਬਾਉਣ ਲਈ ਕੇਂਦਰ ਸਰਕਾਰ ਪੱਬਾਂ ਭਾਰ ਹੋਈ ਹੈ।ਕੇਂਦਰੀ ਏਜੰਸੀਆਂ ਖਾਸ ਕਰ ਲਖਨਊ ਵਿੱਚ ਸਥਿਤ ਦਫਤਰ ਵੱਲੋਂ ਪੰਜਾਬ ਵਿੱਚ ਕੀਤੀ ਗਈ ਛਾਪੇਮਾਰੀ ਫੈਡਰਲ ਢਾਂਚੇ 'ਤੇ ਹਮਲਾ ਹੈ।ਇਹ ਕਾਰਵਾਈ ਸੂਬੇ ਦੇ ਅਧਿਕਾਰਾਂ ਨੂੰ ਟਿੱਚ ਜਾਨਣ ਦੀ ਹੈ, ਪ੍ਰੰਤੂ ਅਫਸੋਸਨਾਕ ਗੱਲ ਇਹ ਹੈ ਕਿ ਇਨ੍ਹਾਂ ਛਾਪੇਮਾਰੀਆਂ ਤੇ ਗ੍ਰਿਫਤਾਰੀਆਂ ਵਿੱਚ ਪੰਜਾਬ ਪੁਲਸ ਨੇ ਉਨ੍ਹਾਂ ਦਾ ਸਾਥ ਦਿੱਤਾ ਤੇ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ।

ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਮਾਸਟਰ ਬਲਵਿੰਦਰ ਸਿੰਘ ਬਾਂਦੇਵਾਲਾ ਨੇ ਕਿਹਾ ਕਿ ਐੱਨਆਈਏ ਨੂੰ ਤੁਰੰਤ ਖਤਮ ਕੀਤਾ ਜਾਵੇ ਤਾਂ ਕਿ ਸੂਬੇ ਦੇ ਅਧਿਕਾਰਾਂ ਦੀ ਰੱਖਿਆ ਕੀਤੀ ਜਾ ਸਕੇ, ਗ੍ਰਿਫਤਾਰ ਵਿਅਕਤੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਤੇ ਪੁੱਛਗਿੱਛ ਲਈ ਬੁਲਾਏ ਗਏ ਵਿਅਕਤੀਆਂ ਨੂੰ ਭੇਜੇ ਨੋਟਿਸਾਂ 'ਤੇ ਤੁਰੰਤ ਰੋਕ ਲਾਈ ਜਾਵੇ।ਅੱਗੇ ਤੋਂ ਕਿਸੇ ਵੀ ਕੇਂਦਰੀ ਏਜੰਸੀ ਵੱਲੋਂ ਪੰਜਾਬ ਸਮੇਤ ਹੋਰ ਸੂਬਿਆਂ ਵਿੱਚ ਸਿੱਧੇ ਦਾਖਲੇ 'ਤੇ ਪਾਬੰਦੀ ਲਾਈ ਜਾਵੇ।

ਪੈਟਰੋਲ ਤੇ ਡੀਜ਼ਲ ਕੀਮਤਾਂ 'ਚ ਵਾਧੇ ਨੂੰ ਵਾਪਸ ਲੈਣ ਦੀ ਮੰਗ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਨਰਾਇਣ ਦੱਤ ਕੰਵਲਜੀਤ ਖੰਨਾ, ਮੁਖਤਿਆਰ ਸਿੰਘ ਪੂਹਲਾ ਤੇ ਜਗਜੀਤ ਸਿੰਘ ਲਹਿਰਾ ਮੁਹੱਬਤ ਨੇ 'ਆਪ' ਸਰਕਾਰ ਵੱਲੋਂ ਪੈਟਰੋਲ ਤੇ ਡੀਜ਼ਲ ਹੋਰ ਵੀ ਮਹਿੰਗਾ ਅਤੇ ਬਿਜਲੀ ਸਬਸਿਡੀ ਨੂੰ ਖਤਮ ਕਰ ਕੇ ਮਾਲੀਆ ਹਾਸਲ ਕਰਨ ਦੇ ਨਾਮ ਹੇਠ ਮਿਹਨਤ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰਨ ਦੀ ਸਖਤ ਨਿਖੇਧੀ ਕਰਦਿਆਂ ਇਸ ਲੋਕ ਵਿਰੋਧੀ ਫੈਸਲੇ ਨੂੰ ਵਾਪਸ ਲਏ ਜਾਣ ਦੀ ਮੰਗ ਕੀਤੀ ਹੈ। ਆਗੂਆਂ ਨੇ ਕਿਹਾ ਕਿ ਇਹ ਲੋਕ ਵਿਰੋਧੀ ਫੈਸਲਾ ਲਾਗੂ ਹੋਣ ਨਾਲ ਲੋਕਾਂ 'ਤੇ 1800 ਕਰੋੜ ਰੁਪਏ ਦਾ ਹੋਰ ਵਾਧੂ ਬੋਝ ਪਵੇਗਾ, ਜਦਕਿ ਭਗਵੰਤ ਮਾਨ ਸਰਕਾਰ ਨੇ ਕੁਰਸੀ ਸਾਂਭਣ ਮੌਕੇ ਕਿਹਾ ਸੀ ਕਿ ਸਾਡੀ ਸਰਕਾਰ ਦੇ ਮਾਲੀਆ ਹਾਸਲ ਕਰਨ ਦੇ ਮੁੱਖ ਸੋਮੇ ਰੇਤ ਮਾਫੀਆ, ਟਰਾਂਸਪੋਰਟ ਮਾਫੀਆ ਤੇ ਕੇਵਲ ਮਾਫੀਆ ਦੱਸਦਿਆਂ ਲੋਕਾਂ ਦੀਆਂ ਜੇਬਾਂ ਵਿੱਚੋਂ ਡਾਕਾ ਮਾਰਨ ਨੂੰ ਬੰਦ ਕਰ ਕੇ ਸਰਕਾਰ ਦਾ ਖਜ਼ਾਨਾ ਭਰਨ ਤੇ ਉਸ ਨਾਲ ਲੋਕਾਂ ਨੂੰ ਸਹੂਲਤਾਂ ਦੇਣ ਦੇ ਦਮਗਜ਼ੇ ਮਾਰੇ ਸਨ, ਪ੍ਰੰਤੂ ਅੱਜ ਸਰਕਾਰ ਦੀ ਛਤਰ ਛਾਇਆ ਹੇਠ ਲੁਟੇਰੇ ਜ਼ਖੀਰੇਬਾਜ਼ ਮੁਨਾਫਾਖੋਰੀ ਤੇ ਮਾਫੀਆ ਸਰਗਣਿਆਂ ਨੂੰ ਹੋਰ ਵਧੇਰੇ ਲੁੱਟ ਕਰਨ ਦਾ ਮੌਕਾ ਦਿੱਤਾ ਜਾ ਰਿਹਾ ਹੈ। ਇਨਕਲਾਬੀ ਕੇਂਦਰ ਪੰਜਾਬ ਨੇ ਭਗਵੰਤ ਮਾਨ ਸਰਕਾਰ ਵੱਲੋਂ ਲੋਕਾਂ ਨੂੰ ਕੋਈ ਵੀ ਭਲੇ ਦੀ ਉਮੀਦ ਨਾ ਰੱਖਣ ਦੀ ਗੱਲ ਕਰਦਿਆਂ ਪੰਜਾਬ ਸਰਕਾਰ ਖਿਲਾਫ਼ ਸੰਘਰਸ਼ਾਂ ਦਾ ਘੇਰਾ ਵਿਸ਼ਾਲ ਕਰਦੇ ਹੋਏ ਨਵਾਂ ਜਮਹੂਰੀ ਪ੍ਰਬੰਧ ਸਿਰਜਣ ਲਈ ਅੱਗੇ ਵਧਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

ਰੰਗਲਾ ਪੰਜਾਬ ਲੁੱਟਾਂ ਖੋਹਾਂ ਤੇ ਗੈਂਗਸਟਰਾਂ ਵਾਲਾ ਪੰਜਾਬ ਬਣਿਆ : ਧਾਲੀਵਾਲ

ਜਗਰਾਉਂ (ਸੰਜੀਵ ਅਰੋੜਾ)-ਰੰਗਲਾ ਪੰਜਾਬ ਬਣਾਉਣ ਦੇ ਦਾਅਵੇ ਕਰਨ ਵਾਲੀ ਆਪ ਸਰਕਾਰ ਨੇ ਸੂਬੇ ਨੂੰ ਲੁੱਟਾਂ ਖੋਹਾਂ ਤੇ ਗੈਂਗਸਟਰਵਾਦ ਵਾਲਾ ਪੰਜਾਬ ਬਣਾ ਕੇ ਰੱਖ ਦਿੱਤਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਯੂਥ ਅਕਾਲੀ ਦਲ ਦੇ ਮੁੱਖ ਬੁਲਾਰਾ ਪ੍ਰਭਜੋਤ ਸਿੰਘ ਧਾਲੀਵਾਲ ਨੇ ਕੀਤਾ। ਉਨ੍ਹਾਂ ਕਿਹਾ ਕਿ ਝੂਠੀਆਂ ਗਰੰਟੀਆਂ ਦੇ ਨਾਲ ਸੱਤਾ 'ਤੇ ਕਾਬਜ਼ ਹੋਈ ਮਾਨ ਸਰਕਾਰ ਦੀ ਪਿੱਛਲੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਜ਼ੀਰੋ ਹੈ, ਕਿਉਂਕਿ ਮਾਨ ਸਰਕਾਰ ਆਪਣੀ ਇਕ ਵੀ ਗਰੰਟੀ ਨੂੰ ਪੂਰਾ ਨਹੀਂ ਕਰ ਸਕੀ। ਜਦਕਿ ਸੂਬੇ ਭਰ ਦੇ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਦਾ ਬਹੁਤ ਮਾੜਾ ਹਾਲ ਹੈ, ਜਿਸ ਦੇ ਚਲਦਿਆਂ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਰੇਤ ਮਾਫੀਆ, ਨਸ਼ਿਆਂ ਸਮੇਤ ਗੈਂਗਸਟਰ ਵਾਦ ਦਾ ਬੋਲਬਾਲਾ ਸਿਰ ਚੜ੍ਹ ਕੇ ਬੋਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਿਰਫ਼ ਇਨ੍ਹਾਂ ਹੀ ਨਹੀਂ ਸਿੱਖਿਆ, ਸਿਹਤ ਸਹੂਲਤਾਂ, ਡਿਵੈਲਪਮੈਂਟ, ਇੰਡਸਟਰੀ ਤੇ ਨੌਜਵਾਨੀ ਨੂੰ ਬਚਾਉਣ ਤੇ ਕੰਮ ਕਰਨ ਦੀ ਬਜਾਏ ਆਪ ਸਰਕਾਰ ਕੇਵਲ ਤੇ ਕੇਵਲ ਆਪਣੇ ਆਪ ਨੂੰ ਬਚਾਉਣ ਲਈ ਲੋਕਾਂ ਨੂੰ ਭਰਮਾਉਣ ਵਿੱਚ ਲੱਗੀ ਹੋਈ ਹੈ। ਪ੍ਰਭਜੋਤ ਸਿੰਘ ਧਾਲੀਵਾਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹਰ ਵਰਗ ਖੁਸ਼ ਨਜ਼ਰ ਆ ਰਿਹਾ ਸੀ, ਕਿਉਂਕਿ ਬਾਦਲ ਸਾਹਿਬ ਜੋ ਕਹਿੰਦੇ ਉਹ ਕਰਕੇ ਦਿਖਾਉਂਦੇ ਸਨ, ਜਿਨ੍ਹਾਂ ਨੇ ਅਨੇਕਾਂ ਲੋਕ ਭਲਾਈ ਸਕੀਮਾਂ ਚਲਾ ਕੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੋਈ ਸੀ, ਜਦ ਕਿ ਮਾਨ ਸਰਕਾਰ ਨੇ ਉਨ੍ਹਾਂ ਦੀਆਂ ਦਿੱਤੀਆਂ ਸਹੂਲਤਾਂ ਬੰਦ ਕਰਕੇ ਲੋਕਾਂ ਦੀਆਂ ਮੁਸ਼ਕਿਲਾਂ ਵਿੱਚ ਹੋਰ ਵਾਧਾ ਕਰ ਦਿੱਤਾ। ਧਾਲੀਵਾਲ ਨੇ ਕਿਹਾ ਕਿ 92 ਸੀਟਾਂ ਜਿੱਤਣ ਵਾਲੀ ਸਰਕਾਰ ਦੀ ਹਾਲਤ ਇੰਨੀ ਪਤਲੀ ਹੋ ਚੁੱਕੀ ਹੈ ਕਿ ਆਪ ਸਰਕਾਰ ਹਾਰ ਦੇ ਡਰ ਕਾਰਨ ਕਿਸੇ ਵੀ ਤਰ੍ਹਾਂ ਦੀ ਚੋਣ ਕਰਵਾਉਣ ਤੋਂ ਡਰ ਰਹੀ ਹੈ, ਜਦਕਿ ਲੋਕ ਬਾਦਲ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਤੇ ਕਰਵਾਏ ਕੰਮਾਂ ਨੂੰ ਅੱਜ ਵੀ ਯਾਦ ਕਰ ਰਹੇ ਹਨ।

ਧਾਰਮਿਕ ਸਥਾਨਾਂ ਲਈ 11ਵੀਂ ਬੱਸ ਯਾਤਰਾ ਰਵਾਨਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਸ੍ਰੀ ਸਾਲਾਸਰ ਧਾਮ ਜੀ, ਸ੍ਰੀ ਖਾਟੂ ਸ਼ਾਮ ਜੀ, ਸ੍ਰੀ ਇੱਛਾਪੂਰਨ ਮੰਦਰ ਲਈ 11ਵੀਂ ਬੱਸ ਯਾਤਰਾ ਸ੍ਰੀ ਸ਼ਿਵ ਮੰਦਰ ਮੋਗਾ ਰੋਡ ਤੋਂ ਰਵਾਨਾ ਕੀਤੀ ਗਈ। ਯਾਤਰਾ ਰਵਾਨਾ ਕਰਨ ਤੋਂ ਪਹਿਲਾਂ ਸ੍ਰੀ ਸ਼ਿਵ ਮੰਦਰ ਅੰਦਰ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ ਗਿਆ ਤੇ ਬਾਅਦ ਵਿੱਚ ਸਾਰੇ ਹੀ ਸ਼ਰਧਾਲੂਆਂ ਵਿੱਚ ਪ੍ਰਸ਼ਾਦ ਵੰਡਿਆ ਗਿਆ ਅਤੇ ਬਾਅਦ ਵਿੱਚ ਬੱਸ ਨੂੰ ਹਰੀ ਝੰਡੀ ਦੇਣ ਦੀ ਰਸਮ ਸੁਨੀਲ ਕੁਮਾਰ ਸੋਮੀ, ਗੌਰਵ ਸਲੂਜਾ ਪ੍ਰਾਪਰਟੀ ਅਡਵਾਈਜ਼ਰ ਵਾਲੀਆਂ ਵੱਲੋਂ ਕੀਤੀ ਗਈ।ਇਸ ਦੌਰਾਨ ਸ੍ਰੀ ਸਾਲਾਸਰ ਧਾਮ, ਸ੍ਰੀ ਖਾਟੂ ਸ਼ਾਮ ਤੇ ਇੱਛਾਪੂਰਨ ਜੋ ਮੰਦਰ ਸਮੇਤ ਦਰਸ਼ਨ ਕਰਵਾਏ ਜਾਣਗੇ।ਇਹ ਬੱਸ ਯਾਤਰਾ ਰਾਮ ਸੇਵਕ ਬਾਬਾ, ਮਨੋਜ ਗੋਇਲ, ਸਾਜਨ ਜੱਸੋਵਾਲ, ਦਲੀਪ ਕੁਮਾਰ, ਵਿਕਰਮ ਬਾਂਸਲ, ਅਸ਼ਵਨੀ ਸ਼ਰਮਾ, ਸੰਦੀਪ ਗੋਇਲ ਠੰਡ ਤੇ ਸ੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਲਿਜਾਈ ਜਾਂਦੀ ਹੈ।ਇਸ ਮੌਕੇ ਸੰਦੀਪ ਠੰਡੂ, ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਬੱਸ ਦਾ ਕਰਾਇਆ ਬਹੁਤ ਹੀ ਘੱਟ ਲਿਆ ਜਾਂਦਾ ਹੈ, ਜਿੱਥੇ ਕਿ ਰਹਿਣ ਲਈ ਏ. ਸੀ. ਕਮਰੇ ਤੇ ਚਾਹ, ਪਾਣੀ ਦਾ ਪੂਰਾ ਪ੍ਰਬੰਧ ਕੀਤਾ ਜਾਂਦਾ ਹੈ।ਇਸ ਮੌਕੇ ਸ੍ਰੀ ਸ਼ਿਵ ਮੰਦਰ ਕਮੇਟੀ ਦੇ ਪ੍ਰਧਾਨ ਕ੍ਰਿਸ਼ਨ ਗਰਗ, ਸ੍ਰੀ ਰਾਮ ਲੀਲ੍ਹਾ ਉਤਸਵ ਕਮੇਟੀ ਦੇ ਪ੍ਰਧਾਨ ਦੀਪਕ ਬੌਬੀ, ਚੇਅਰਮੈਨ ਰੋਸ਼ਨ ਲਾਲ ਰੋਸ਼ੀ, ਵਰਿੰਦਰ ਗਰਗ, ਰਾਜੀਵ ਗੋਇਲ ਕੋਟਕਪੂਰਾ ਤੇ ਹੋਰ ਹਾਜ਼ਰ ਸਨ।

ਗੁੱਗਾ ਮੈੜੀ ਦੰਗਲ ਮੇਲੇ 'ਚ ਸੰਤੋਸ਼ ਮਹਾਰਾਸ਼ਟਰ ਨੇ ਝੰਡੀ ਦੀ ਕੁਸ਼ਤੀ ਜਿੱਤੀ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਬੱਸ ਸਟੈਂਡ ਨਜ਼ਦੀਕ ਸਥਿਤ ਗੁੱਗਾ ਮੈੜੀ ਪ੍ਰਬੰਧਕ ਕਮੇਟੀ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਾਬਕਾ ਕੌਂਸਲਰ ਮੰਗਤ ਰਾਏ ਦੀ ਸਰਪ੍ਰਸਤੀ ਤੇ ਪ੍ਰਧਾਨ ਪਵਨ ਕੁਮਾਰ ਦੀ ਅਗਵਾਈ ਵਿੱਚ ਸਾਲਾਨਾ ਮੇਲਾ ਤੇ ਦੰਗਲ ਕਰਵਾਇਆ ਗਿਆ। ਇਸ ਦੰਗਲ ਮੇਲੇ ਦੌਰਾਨ ਝੰਡੀ ਦੀ ਕੁਸ਼ਤੀ 'ਚ ਸੰਤੋਸ਼ ਮਹਾਂਰਾਸ਼ਟਰ ਨੇ ਸਾਹਿਬ ਬਾਬਾ ਫਲਾਹੀ ਨੂੰ, ਜੋਤ ਮਾਛੀਵਾੜਾ ਨੇ ਜਗਰੂਪ ਦੋਰਾਹਾ ਨੂੰ ਹਰਾਇਆ, ਜਦਕਿ ਸੁਖਮਨ ਮਾਛੀਵਾੜਾ ਤੇ ਮਨਜੀਤ ਉੱਚਾ ਦੀ ਕੁਸ਼ਤੀ ਬਰਾਬਰ ਰਹੀ। ਜੇਤੂ ਪਹਿਲਵਾਨਾਂ ਨੂੰ ਸਨਮਾਨਤ ਕਰਨ ਦੀ ਰਸਮ ਮੀਤ ਪ੍ਰਧਾਨ ਦੇਵ ਰਾਜ ਘਾਰੂ, ਮੁੱਖ ਸੇਵਾਦਾਰ ਬਾਬਾ ਜਗਰੂਪ ਸਿੰਘ, ਸਤਪਾਲ ਪਾਮੇ, ਪਾਰਸ ਬਾਲੀ, ਗੌਰਵ ਪਾਮੇ, ਸਨੀ ਵੈਦ, ਜੋਗਿੰਦਰ ਪਾਮੇ, ਸਤਪਾਲ, ਜਗਜੀਤ ਸਿੰਘ, ਸੰਜੀਵ ਬੱਗਣ, ਦੇਵਕੀ ਨੰਦਨ ਮੱਟੂ, ਲਾਲੀ ਵੈਦ, ਰਾਜ ਕੁਮਾਰ ਬਾਲੀ, ਮਨਦੀਪ ਪਾਮੇ, ਸਰਬਜੀਤ ਸਿੰਘ, ਅਸ਼ੋਕ ਬੱਗਣ, ਮਨੋਜ ਬਾਲੀ, ਨੀਰਜ ਘਾਰੂ, ਗੌਰਵ ਬਾਲੀ, ਗਗਨਦੀਪ, ਬਿੰਦਰ ਕੁਮਾਰ, ਰਵੀ ਵੈਦ, ਰਾਜ ਕੁਮਾਰ ਵੈਦ, ਵਿੱਕੀ ਸਹੋਤਾ, ਰਣਵੀਰ ਸਿੰਘ, ਖੇਮ ਰਾਜ, ਵਿੱਕੀ ਕੁਮਾਰ ਆਦਿ ਮੌਜੂਦ ਸਨ। ਕੁਸ਼ਤੀ ਦੰਗਲ 'ਚ ਰੈਫਰੀ ਦੀ ਭੂਮਿਕਾ ਚੌਧਰੀ ਮੰਗਲ ਦੋਰਾਹਾ ਤੇ ਸਤਨਾਮ ਸਿੰਘ ਰੂੜੇਵਾਲ ਨੇ ਨਿਭਾਈ, ਜਦਕਿ ਸਾਬੂ ਬਾਬਾ ਫਲਾਹੀ ਨੇ ਜੋੜ ਮਿਲਾਉਣ ਦੀ ਜ਼ਿੰਮੇਵਾਰੀ ਨਿਭਾਈ।

ਨਾ-ਮਲੂਮ ਸੜਕ ਹਾਦਸਿਆਂ 'ਚ ਮ੍ਰਿਤਕ ਵਿਅਕਤੀਆਂ ਦੇ ਪਰਵਾਰਾਂ ਨੂੰ 2 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਉਪਬੰਧ : ਡੀ ਸੀ

■ ਜ਼ਿਲ੍ਹੇ ਦੇ 7 ਮ੍ਰਿਤਕ ਵਿਅਕਤੀਆਂ ਦੇ ਕੇਸ ਹੋਏ ਮਨਜ਼ੂਰ : ਸਾਕਸ਼ੀ ਸਾਹਨੀ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਸੋਨੂੰ)-ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਾ-ਮਾਲੂਮ ਸੜਕ ਹਾਦਸਿਆਂ (ਹਿੱਟ ਐਂਡ ਰਨ ਕੇਸਾਂ) ਵਿੱਚ ਮ੍ਰਿਤਕ ਵਿਅਕਤੀਆਂ ਦੇ ਪਰਵਾਰ ਨੂੰ ਵਿੱਤੀ ਸਹਾਇਤਾ ਦੇਣ ਲਈ ਲਾਗੂ ਸਕੀਮ ਅਧੀਨ ਦੋ ਲੱਖ ਰੁਪਏ ਦੀ ਰਾਸ਼ੀ ਤੇ ਗੰਭੀਰ ਜ਼ਖ਼ਮੀ ਨੂੰ 50 ਹਜ਼ਾਰ ਰੁਪਏ ਦੀ ਰਾਸ਼ੀ ਦੇਣ ਦਾ ਉਪਬੰਧ ਕੀਤਾ ਗਿਆ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਨਿਸਟਰੀ ਆਫ ਰੋਡ ਟਰਾਂਸਪੋਰਟ ਤੇ ਹਾਈਵੇਅ ਵੱਲੋਂ ਕੀਤੇ ਗਏ ਨੋਟੀਫਿਕੇਸ਼ਨ ਅਧੀਨ ਸਕੱਤਰ ਪੰਜਾਬ ਸਰਕਾਰ ਵੱਲੋਂ ਇਸ ਸਕੀਮ ਅਧੀਨ ਮ੍ਰਿਤਕ ਵਿਅਕਤੀਆਂ ਦੇ ਪਰਵਾਰ ਨੂੰ ਕਲੇਮ ਦੇਣ ਲਈ ਜ਼ਿਲ੍ਹਾ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਮੁਆਵਜ਼ਾ ਲੈਣ ਲਈ ਪੀੜਤ ਵਿਅਕਤੀ (ਮੌਤ ਹੋਣ ਕਾਰਨ) ਉਸ ਦੇ ਵਾਰਸਾਂ ਵੱਲੋਂ ਤੇ ਗੰਭੀਰ ਜ਼ਖਮੀ ਵਿਅਕਤੀ (ਖੁੱਦ) ਫਾਰਮ ਨੰ: 1 ਵਿੱਚ ਦਰਖਾਸਤ, ਸਮੇਤ ਮ੍ਰਿਤਕ ਦੀ ਪੋਸਟ ਮਾਰਟਮ ਰਿਪੋਰਟ, ਮੌਤ ਸਰਟੀਫਿਕੇਟ, ਆਧਾਰ ਕਾਰਡ, (ਸ਼ਨਾਖਤੀ ਕਾਰਡ), ਵਾਰਸਾਂ ਦਾ ਆਧਾਰ ਕਾਰਡ, ਬੈਂਕ ਪਾਸ ਬੁੱਕ ਦੀ ਕਾਪੀ, ਐੱਫ.ਆਈ.ਆਰ. ਦੀ ਕਾਪੀ, ਐੱਫ.ਏ.ਆਰ. ਰਿਪੋਰਟ ਦੀ ਕਾਪੀ ਸਮੇਤ ਕੈਸ਼ਲੈਸ ਇਲਾਜ ਦੇ ਬਿੱਲ ਦੀ ਕਾਪੀ ਜੇਕਰ ਕੋਈ ਹੋਵੇ ਜਾਂ ਹਸਪਤਾਲ ਦਾ ਨਾਮ, ਜਿੱਥੇ ਮ੍ਰਿਤਕ ਵਿਅਕਤੀ ਦਾ ਇਲਾਜ ਕੀਤਾ ਹੋਵੇ ਅਤੇ ਜਿੱਥੇ ਐਕਸੀਡੈਂਟ ਹੋਇਆ ਹੋਵੇ, ਉਸ ਇਲਾਕੇ ਦੇ ਤਹਿਸੀਲਦਾਰ, ਉੱਪ ਮੰਡਲ ਮੈਜਿਸਟਰੇਟ ਜਾਂ ਜ਼ਿਲ੍ਹਾ ਦਫਤਰ/ਡਿਪਟੀ ਕਮਿਸ਼ਨਰ ਦਫਤਰ ਦੇਣੀ ਹੁੰਦੀ ਹੈ ਅਤੇ ਕਲੇਮ ਇਨਕੁਆਰੀ ਅਫਸਰ/ਉੱਪ ਮੰਡਲ ਮੈਜਿਸਟਰੇਟ ਇਸ ਹਾਦਸੇ ਸਬੰਧੀ ਤੱਥਾਂ ਅਨੁਸਾਰ ਪੜਤਾਲ ਕਰਕੇ

9-SEP-PAGE-8.qxd 9/8/2024 9:57 PM Page 1

ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਜ਼ੋਨ ਜਲੰਧਰ-ਕਪੂਰਥਲਾ ਦੀ ਹੋਈ ਚੋਣ

ਜਲੰਧਰ:(ਰਾਜੇਸ਼ ਬਾਪਾ) ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਜੋਨ ਜਲੰਧਰ-ਕਪੂਰਥਲਾ ਦਾ 16ਵਾਂ ਜੋਨ ਅਜਲਾਸ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਆਯੋਜਿਤ ਕੀਤਾ ਗਿਆ। ਸੋਲ੍ਹਵੇਂ ਜੋਨ ਜਲੰਧਰ-ਕਪੂਰਥਲਾ ਦੇ ਅਜਲਾਸ ਸਮੇਂ ਜਥੇਬੰਦੀ ਦਾ ਝੰਡਾ ਨਾਅਰਿਆਂ ਦੀ ਗੂੰਜ ਵਿੱਚ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦ ਪੁਰੀ ਨੇ ਝੁਲਾਇਆ। ਅਜਲਾਸ ਦੇ ਪ੍ਰਧਾਨਗੀ ਮੰਡਲ ਵਿੱਚ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦ ਪੁਰੀ, ਸੂਬਾ ਜਨਰਲ ਸਕੱਤਰ ਅਨਿਲ ਕੁਮਾਰ ਬਰਨਾਲਾ, ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਸਾਬਕਾ ਪ੍ਰਧਾਨ ਪ੍ਰਵੀਨ ਕੁਮਾਰ, ਬਲਵਿੰਦਰ ਕੁਮਾਰ, ਬਲਜੀਤ ਸਿੰਘ ਨਕੋਦਰ,ਜੀ ਕੀ ਯੂ ਦੇ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ, ਜਨਰਲ ਸਕੱਤਰ ਸੁਖਵਿੰਦਰ ਸਿੰਘ ਮੱਕੜ ਅਤੇ ਪੁਸ਼ਪਿੰਦਰ ਕੁਮਾਰ ਵਿਰਦੀ ਸਾਮਲ ਹੋਏ। ਅਜਲਾਸ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ ਮੋਢੀ ਆਗੂ ਸਾਥੀ ਵੇਦ ਪ੍ਰਕਾਸ਼, ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ ਅਤੇ ਹੋਰ ਵੱਖ ਵੱਖ ਸਾਥੀਆਂ ਨੂੰ ਮੋਨ ਸ਼ਰਧਾਂਜਲੀ ਭੇਟ ਕੀਤੀ ਗਈ। ਅਜਲਾਸ ਦੀ ਸਮੁੱਚੀ ਕਾਰਵਾਈ ਨੂੰ ਜਨਰਲ ਸਕੱਤਰ ਅਮਰੀਕ ਸਿੰਘ ਸੋਖੋਂ ਨੇ ਚਲਾਇਆ। ਉਦਘਾਟਨੀ ਭਾਸ਼ਣ ਦਿੰਦਿਆਂ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦ ਪੁਰੀ ਨੇ ਜਥੇਬੰਦੀ ਦੇ ਇਤਿਹਾਸ ਵਿੱਚ ਚਾਨਣਾ ਪਾਉਂਦਿਆਂ ਮੌਜੂਦਾ ਸਮੇਂ ਵਿੱਚ ਜਥੇਬੰਦੀ ਦੀ ਅਹਿਮੀਅਤ ਬਾਰੇ ਵਿਚਾਰ ਦਿੰਦਿਆਂ ਜਥੇਬੰਦੀ ਨੂੰ ਪੂਰੀ ਤਨਦੇਹੀ ਨਾਲ ਮਜ਼ਬੂਤ ਕਰਨ ਦਾ ਸੁਨੇਹਾ ਦਿੱਤਾ।ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਭਰਾਤਰੀ ਸੰਦੇਸ਼

ਦਿੰਦਿਆਂ ਸਫ਼ਲ ਅਜਲਾਸ ਕਰਵਾਉਣ ਦੀ ਮੁਬਾਰਕਬਾਦ ਦਿੰਦਿਆਂ ਸਮੂਹ ਸਾਥੀਆਂ ਨੂੰ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ 16-17 ਨਵੰਬਰ ਨੂੰ ਜਲੰਧਰ ਵਿਖੇ ਹੋ ਰਹੇ ਸੂਬਾ ਅਜਲਾਸ ਦੇ ਬਾਰੇ ਵਿੱਚ ਉਤਸ਼ਾਹਿਤ ਕਰਦੇ ਹੋਏ, ਅਜਲਾਸ ਦੇ ਪ੍ਰਬੰਧਾਂ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਹੁਣ ਤੋਂ ਹੀ ਤਿਆਰੀਆਂ ਵਿੱਚ ਜੁੱਟਣ ਦਾ ਸੁਨੇਹਾ ਦਿੱਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਾਥੀਆਂ ਕਰਨੈਲ ਫਿਲੌਰ, ਪ੍ਰਵੀਨ ਕੁਮਾਰ, ਬਲਵਿੰਦਰ ਕੁਮਾਰ, ਸੁਖਵਿੰਦਰ ਸਿੰਘ ਮੱਕੜ,ਲ਼ਘੂ ਉਦਯੋਗ ਵਿਭਾਗ ਤੋਂ ਜਗੀਰ ਸਿੰਘ ਸਹੋਤਾ, ਇਸਤਰੀ ਮੁਲਾਜਮ ਤਾਲਮੇਲ ਕਮੇਟੀ ਦੀ ਸਾਬਕਾ ਸੂਬਾ ਜਨਰਲ ਸਕੱਤਰ ਅਵਤਾਰ ਕੌਰ ਬਾਸੀ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਜਲੰਧਰ ਦੇ ਕਨਵੀਨਰ ਕੁਲਦੀਪ ਵਾਲੀਆ ਬਿਲਗਾ ਨੇ ਵੀ ਭਰਾਤਰੀ ਸੰਦੇਸ਼ ਦਿੱਤੇ।ਜੋਨ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਵਲੋਂ ਆਪਣੀ ਜੋਨ ਕਮੇਟੀ ਨੂੰ ਭੰਗ ਕੀਤਾ ਗਿਆ। ਸੂਬਾ ਜਨਰਲ ਸਕੱਤਰ ਅਨਿਲ ਕੁਮਾਰ ਬਰਨਾਲਾ ਨੇ ਆਪਣੇ ਵਿਚਾਰ ਦੇਣ ਉਪਰੰਤ ਜੋਨ ਜਲੰਧਰ -ਕਪੂਰਥਲਾ ਦੀ ਚੋਣ ਲਈ ਪੈਨਲ ਪੇਸ਼ ਕੀਤਾ।ਪੇਸ਼ ਪੈਨਲ ਨੂੰ ਹਾਜ਼ਰ ਡੈਲੀ ਗੇਟਾਂ ਨੇ ਨਾਅਰਿਆਂ ਦੀ ਗੂੰਜ ਨਾਲ ਸਰਬ ਸੰਮਤੀ ਨਾਲ ਪਾਸ ਕੀਤਾ।ਪਾਸ ਕੀਤੇ ਗਏ ਪੈਨਲ ਅਨੁਸਾਰ ਚੌਥੀ ਵਾਰ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਸੋਖੋਂ ਚੁਣੇ ਗਏ।ਬਾਕੀ ਪੈਨਲ ਅਨੁਸਾਰ ਚੇਅਰਮੈਨ ਤਰਸੇਮ ਮਾਧੋਪੁਰੀ, ਸੀਨੀਅਰ ਮੀਤ ਪ੍ਰਧਾਨ ਜਗੀਰ ਸਿੰਘ ਸਹੋਤਾ ਲ਼ਘੂ ਉਦਯੋਗ, ਰਜਿੰਦਰ ਕੁਮਾਰ ਮਹਿਤਪੁਰ,ਪੂਰਨ ਸਿੰਘ ਬਿਲਗਾ,ਮੀਤ ਪ੍ਰਧਾਨ ਕੁਲਵੀਰ ਸਿੰਘ ਸ਼ਾਹਕੋਟ, ਤਰਲੋਕ ਸਿੰਘ ਕਪੂਰਥਲਾ, ਅੰਗਰੇਜ਼ ਸਿੰਘ ਫਿਲੌਰ, ਬਲਵੀਰ ਸਿੰਘ ਗੁਰਾਇਆ, ਰਜਿੰਦਰ ਬਾਪਰ ਫਗਵਾੜਾ, ਰਾਮ ਬਰਨ,ਵਿੱਤ ਸਕੱਤਰ ਹਰੀ ਰਾਮ, ਸਹਾਇਕ ਵਿੱਤ ਸਕੱਤਰ ਓਮ ਪ੍ਰਕਾਸ਼, ਪ੍ਰੈਸ ਸਕੱਤਰ ਕਰਮਜੀਤ ਸਿੰਘ ਮਾਣਕਰਾਏ, ਸਤਵਿੰਦਰ ਸਿੰਘ ਫਿਲੌਰ, ਧਰਮਿੰਦਰ ਕੁਮਾਰ, ਜੁਆਇੰਟ ਸਕੱਤਰ ਗੋਪਾਲ ਸਿੰਘ ਰਾਵਤ ਫਿਲੌਰ,ਜਥੇਬੰਦਕ ਸਕੱਤਰ ਰਘਵੀਰ ਸਿੰਘ ਡਰੇਨਜ, ਸਹਾਇਕ ਜਥੇਬੰਦਕ ਸਕੱਤਰ ਗੁਰਸ਼ਰਨ ਡਰੇਨਜ, ਜਗਤਾਰ ਸਿੰਘ ਆਦਮਪੁਰ, ਤਰਸੇਮ ਲਾਲ ਫਿਲੌਰ,ਰਾਜ ਕੁਮਾਰ ਗੁਰਾਇਆ, ਪ੍ਰਚਾਰ ਸਕੱਤਰ ਗੁਰਦਿਆਲ ਸਿੰਘ ਲੋਹੀਆਂ, ਸਹਾਇਕ ਪ੍ਰਚਾਰ ਸਕੱਤਰ ਮਨਜਿੰਦਰ ਸਿੰਘ ਨਕੋਦਰ, ਚਰਨਜੀਤ ਸਿੰਘ ਕਪੂਰਥਲਾ,ਮਨੋਹਰ ਲਾਲ ਜਲੰਧਰ,ਰਾਮ ਬ੍ਰਿਸ਼,ਸੰਤ ਰਾਮ,ਜਗਤ ਪਾਲ ਕਪੂਰਥਲਾ, ਸਹਾਇਕ ਜਥੇਬੰਦਕ ਸਕੱਤਰ ਸੁਖਦਿਆਲ ਸ਼ਾਹਕੋਟ,ਸੂਰਜ ਕੁਮਾਰ ਗੁਰਾਇਆ, ਅਮਨਦੀਪ ਨਕੋਦਰ,ਮੇਵਾ ਲਾਲ ਸ਼ਾਹਪੁਰ, ਸੁਨੀਲ ਕੁਮਾਰ ਡ੍ਰੇਨੇਜ, ਹਰਵਿੰਦਰ ਸ਼ਾਹਕੋਟ, ਕਿਸ਼ਨ ਚੰਦ ਸਿੰਚਾਈ, ਬਲਵਿੰਦਰ ਸਿੰਘ ਕਪੂਰਥਲਾ,ਜਗਤ ਸਿੰਘ ਕਪੂਰਥਲਾ ਆਦਿ

ਧਾਰਮਿਕ ਪ੍ਰੀਖਿਆ 'ਚੋਂ ਮੈਰਿਟ 'ਚ ਆਏ ਬੱਚਿਆਂ ਦਾ ਸਨਮਾਨ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ):- ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ ਵਿਖੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ 'ਚੋਂ ਮੈਰਿਟ ਵਿੱਚ ਰਹਿਣ ਵਾਲੇ ਬੱਚਿਆਂ ਨੂੰ ਸ਼ਬਦ ਸੂਰਤ ਸੁਮੇਲ ਪ੍ਰਚਾਰ ਵਹੀਰ ਵੱਲੋਂ ਇਨਾਮ ਦੀ ਵੰਡ ਕੀਤੀ ਗਈ ਸੋਸਾਇਟੀ ਵੱਲੋਂ 12 ਵਿਦਿਆਰਥੀਆਂ ਨੂੰ ਘੜੀਆਂ ਨੇ ਸਨਮਾਨਿਤ ਕੀਤਾ। ਮੈਰਿਟ ਲਿਸਟ 'ਚ ਆਏ ਵਿਦਿਆਰਥੀ ਵੀਰੇਂਦਰ ਸਿੰਘ ਢਿੱਲੋਂ ਨੂੰ ਗੁੱਟ ਘੜੀ ਦੇ ਕੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਮਿਸ਼ਨ ਦੀ ਕਾਲ ਵਜੋਂ ਬਲਜੀਤ ਸਿੰਘ ਕਲਬੀਰ ਕੌਰ ਅਰਮਨਜੋਤ ਕੌਰ ਵਕੀਲ ਅੰਮ੍ਰਿਤਪਾਲ ਕੌਰ ਸ਼ਾਮਲ ਸਨ। ਮਿਸ਼ਨਰੀ ਕਾਲਜ ਵੱਲੋਂ ਪ੍ਰਿੰਸੀਪਲ ਬਿਕਰਮ ਸਿੰਘ ਸੈਣੀ ਨੂੰ ਸਨਮਾਨਿਤ ਕੀਤਾ ਗਿਆ।

ਧਾਰਮਿਕ ਪ੍ਰੀਖਿਆ ਇੰਚਾਰਜ ਸੰਦੀਪ ਕੌਰ ਸੈਣੀ ਨੂੰ ਵੀ ਇਸ ਮੌਕੇ ਸਨਮਾਨਿਤ ਕੀਤਾ। ਸਰੀਤਾ ਰਾਣੀ, ਸਨੀਤਾ ਕੁਮਾਰੀ, ਮਨਦੀਪ ਕੌਰ, ਸੁਖਨਾਮ ਸਿੰਘ, ਰਵਿੰਦਰ ਕੌਰ ਅਤੇ ਕਮਲਜੀਤ ਕੌਰ ਹਾਜ਼ਰ ਸਨ। ਡਾਕਟਰ ਰਾਜ ਸਿੰਘ ਵੱਲੋਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਪ੍ਰੇਰਿਆ ਗਿਆ। ਪ੍ਰਿੰਸੀਪਲ ਬਿਕਰਮ ਸਿੰਘ ਸੈਣੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਪੰਜ ਸਮਾਜਿਕ ਸ਼ਖਸੀਅਤਾਂ ਦਾ ਪ੍ਰਿੰ. ਸੰਤ ਰਾਮ ਵਿਰਦੀ ਯਾਦਗਾਰੀ ਪੁਰਸਕਾਰਾਂ ਨਾਲ ਸਨਮਾਨ

ਬੰਗਾ (ਅਵਤਾਰ ਕਲੇਰ) ਸਮਾਜਿਕ ਚਿੰਤਕ ਪ੍ਰਿੰਸੀਪਲ ਸੰਤ ਰਾਮ ਵਿਰਦੀ ਦੀ ਪੰਜਵੀਂ ਬਰਸੀ ਮੌਕੇ ਸਥਾਨਕ ਭੀਮ ਰਾਓ ਕਲੋਨੀ ਵਿਖੇ ਸਥਾਪਿਤ ਗੁਰੂ ਰਵਿਦਾਸ ਗੁਰਦੁਆਰਾ ਵਿੱਚ ਚੇਤਨਾ ਸਮਾਗਮ ਕਰਵਾਇਆ ਗਿਆ।ਇਸ ਸਮਾਗਮ ਵਿੱਚ ਵੱਖ ਵੱਖ ਖੇਤਰਾਂ 'ਚ ਉਸਾਰੂ ਭੂਮਿਕਾ ਨਿਭਾਉਣ ਵਾਲੀਆਂ ਸਖ਼ਸ਼ੀਅਤਾਂ ਨੂੰ ਪ੍ਰਿੰਸੀਪਲ ਸੰਤ ਰਾਮ ਵਿਰਦੀ ਯਾਦਗਾਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ।ਸਨਮਾਨ ਹਾਸਲ ਕਰਨ ਵਾਲਿਆਂ ਵਿੱਚ ਪ੍ਰਿੰਸੀਪਲ ਜਗਦੀਸ਼ ਰਾਏ ਸੇਵਾ ਮੁਕਤ ਸਿੱਖਿਆ ਅਧਿਕਾਰੀ, ਡਾ. ਕਸ਼ਮੀਰ ਚੰਦ ਐਮ ਜੇ ਲਾਇਫ ਕੇਅਰ ਹਸਪਤਾਲ ਬੰਗਾ, ਕਸ਼ਮੀਰੀ ਲਾਲ ਝੱਲੀ ਸੇਵਾ ਮੁਕਤ ਸਪੁਰਡੈਂਟ ਸ਼ੈਸ਼ਨ ਕੋਰਟ, ਡਾ. ਬਖਸ਼ੀਸ਼ ਸਿੰਘ ਕਰਨ ਹਸਪਤਾਲ ਬੰਗਾ ਅਤੇ ਐਡਵੋਕੇਟ ਕੁਲਦੀਪ ਭੱਟੀ ਪ੍ਰਧਾਨ ਡਾ. ਅੰਬੇਡਕਰ ਬੁੱਧ ਰਿਸੋਰਸ ਸੈਂਟਰ ਸ਼ੂੰਢ ਸ਼ਾਮਲ ਸਨ। ਇਹਨਾਂ ਸ਼ਖ਼ਸੀਅਤਾਂ ਨੇ ਪ੍ਰਿੰਸੀਪਲ ਸੰਤ ਰਾਮ ਵਿਰਦੀ ਦੇ ਜੀਵਨ ਸਫ਼ਰ 'ਤੇ ਚਾਨਣਾ ਪਾਉਂਦਿਆਂ ਸਮੂਹ ਹਾਜ਼ਰੀਨ ਨੂੰ ਲਾਮਬੰਦੀ ਕਰਨ ਅਤੇ ਸਮਾਜਿਕ ਤਬਦੀਲੀ 'ਚ ਸਮੂਹਿਕ ਯੋਗਦਾਨ ਪਾਉਣ ਦਾ ਹੋਕਾ ਦਿੱਤਾ।ਇਹ ਸਮਾਗਮ ਮਾਤਾ ਗੁਰੋ ਦੇਵੀ ਵਿਰਦੀ ਦੀ ਅਗਵਾਈ ਵਿੱਚ ਕਰਵਾਇਆ ਗਿਆ।ਮੰਚ ਦਾ ਸੰਚਾਲਨ ਸੁਰਜੀਤ ਮਜਾਰੀ ਨੇ ਕੀਤਾ ਅਤੇ ਇੰਜ. ਹਰਮੇਸ਼ ਵਿਰਦੀ ਨੇ ਧੰਨਵਾਦ ਕੀਤਾ।ਇਸ ਮੌਕੇ ਵਿਜੇ ਭੱਟ, ਰਾਕੇਸ਼ ਕੁਮਾਰ, ਹਰਬਲਾਸ ਬਸਰਾ, ਅਸ਼ੋਕ ਕੁਮਾਰ ਸਰਪੰਚ ਖੋਥੜਾਂ, ਹਰਜੋਤ ਲੋਟੀਆ, ਅਮਰੀਕ ਕਟਾਰੀਆ, ਮਨੀਸ਼ ਕੁਮਾਰ ਚੁੱਘ, ਸੁਰਿੰਦਰ ਚੋਪੜਾ, ਡਾ ਨਰੰਜਣ ਪਾਲ, ਡਾ ਰਾਜਨ ਸ਼ਰਮਾ, ਦਵਿੰਦਰ ਬੇਗਮਪੁਰੀ, ਰਵਿੰਦਰ ਮਹਿਮੀ, ਗਰਿੰਦਰ ਸਿੰਘ ਪਾਬਲਾ, ਸੁਖਵਿੰਦਰ ਕੌਰ, ਹਰਮੇਸ਼ ਬੰਗੜ, ਚਰਨ ਦਾਸ, ਬਲਿਹਾਰ ਵਿਰਦੀ, ਬਹਾਦਰ ਸਿੰਘ ਪੰਚ ਆਦਿ ਹਾਜ਼ਰ ਸਨ।ਸਮਾਗਮ ਦੌਰਾਨ ਮਿਸ਼ਨਰੀ ਕਲਾਕਾਰ ਹਰਨਾਮ ਦਾਸ ਬਹਿਲਪੁਰੀ ਨੇ ਮਿਸ਼ਨਰੀ ਗੀਤਾਂ ਨਾਲ ਪ੍ਰਿੰਸੀਪਲ ਸੰਤ ਰਾਮ ਵਿਰਦੀ ਨੂੰ ਸ਼ਰਧਾਂਜਲੀ ਭੇਟ ਕੀਤੀ।

ਲੱਖਪੁਰ ਵਿਖੇ ਧਾਰਮਿਕ ਅਸਥਾਨ ਤੋਂ ਗੋਲਕ ਚੋਰ ਕਾਬੂ

ਫਗਵਾੜਾ (ਇੰਦਰਜੀਤ ਸਿੰਘ ਮਠਾੜੂ)- ਪਿੰਡ ਲੱਖਪੁਰ ਵਿਖੇ ਕੁਟੀਆ ਬਾਬਾ ਜਵਾਲਾ ਦਾਸ ਵਿਖੇ ਗੋਲਾ ਚੋਰੀ ਕਰਕੇ ਲੈ ਜਾਣ ਵਾਲੇ ਵਿਅਕਤੀ ਨੂੰ ਰਾਵਲਪਿੰਡੀ ਪੁਲਿਸ ਨੇ ਕਾਬੂ ਕੀਤਾ ਹੈ।ਐਸ ਪੀ ਰੁਪਿੰਦਰ ਕੌਰ ਭੱਟੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੁਖਦੇਵ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਲੱਖਪੁਰ ਨੇ ਜਾਣਕਾਰੀ ਦਿੱਤੀ ਸੀ ਕਿ ਕੁਟੀਆ ਬਾਬਾ ਜਵਾਲਾ ਦਾਸ ਪਿੰਡ ਲੱਖਪੁਰ ਵਿਖੇ 31 ਅਗਸਤ ਦੀ ਰਾਤ ਨੂੰ ਕੋਈ ਵਿਅਕਤੀ ਗੋਲਾ ਚੋਰੀ ਕਰਕੇ ਲੈ ਗਿਆ ਹੈ।ਜਿਸ 'ਤੇ ਕੈਮਰਿਆਂ ਤੋਂ ਸਾਹਮਣੇ ਆਈ ਫੁਟੇਜ ਦੀ ਮੱਦਦ ਨਾਲ ਪੁਲਸ ਨੇ ਪ੍ਰਿੰਸ ਪੁੱਤਰ ਜਸਪਾਲ ਸਿੰਘ ਵਾਸੀ ਬੀੜ ਢੰਡੋਲੀ ਹਾਲ ਵਾਸੀ ਖੋਖਾ ਮੋੜ ਰਾਮਪੁਰ ਸੁੰਨੜਾ ਨੂੰ ਪਿੰਡ ਲੱਖਪੁਰ ਤੋਂ ਕਾਬੂ ਕੀਤਾ ਤੇ ਉਸ ਵਲੋਂ ਜੋ ਗੋਲਕ ਚੋਰੀ ਕੀਤੀ ਸੀ ਉਸਨੂੰ ਬੇਦੀ ਪੁਲੀ ਰਾਵਲਪਿੰਡੀ 'ਚੋਂ ਬ੍ਰਾਮਦ ਕੀਤਾ ਹੈ। ਐਸ ਐਚ ਓ ਬਲਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਪੁਲਸ ਵਲੋਂ ਚੋਰੀ ਦੀ 980 ਰੁਪਏ ਦੀ ਰਾਸ਼ੀ ਵੀ ਬ੍ਰਾਮਦ ਕਰ ਲਈ ਹੈ।

ਖੇਡਾਂ ਵਤਨ ਪੰਜਾਬ ਦੀਆਂ ਨਿਰੰਜਣ ਸਿੰਘ ਯਾਦਗਾਰੀ ਪੇਂਡੂ ਖੇਡ ਸਟੇਡੀਅਮ ਜਗਤਪੁਰ ਕਰਵਾਈਆਂ

ਨਵਾਂ ਸ਼ਹਿਰ (ਮਨੋਜ ਲਾਡੀ) ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਖੇਡਾਂ ਵਤਨ ਪੰਜਾਬ ਦੀਆਂ ਸੀਜਨ-3, 2024 ਬਲਾਕ ਪੱਧਰੀ ਖੇਡਾਂ ਜੋ ਕਿ ਵੱਖ-ਵੱਖ ਬਲਾਕਾਂ ਵਿੱਚ ਕਰਵਾਇਆ ਜਾ ਰਿਹਾ ਹੈ। ਨਿਰੰਜਣ ਸਿੰਘ ਯਾਦਗਾਰੀ ਪੇਂਡੂ ਖੇਡ ਸਟੇਡੀਅਮ ਪਿੰਡ ਜਗਤਪੁਰ ਅਤੇ ਸਰਕਾਰੀ ਸੀ ਸੈ ਸਕੂਲ ਜਗਤਪੁਰ ਵਿਖੇ ਬਲਾਕ ਪੱਧਰੀ ਖੇਡਾਂ ਕਰਵਾਈਆ ਗਈਆ। ਇਸ ਟੂਰਨਾਮੈਂਟ 'ਚ ਕਰਨੈਲ ਸਿੰਘ ਦਿਓਲ, ਸਰਪੰਚ ਪਿੰਡ ਜਗਤਪੁਰ ਅਤੇ ਰਜਿੰਦਰ ਸਿੰਘ, ਸਬ ਇਸਪੈਕਟਰ ਥਾਣਾ ਮੁਕੰਦਪੁਰ ਵੱਲੋਂ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਖੇਡਾਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਲਈ ਅਤੇ ਵੱਧ ਤੋਂ ਵੱਧ ਖੇਡਾਂ ਨਾਲ ਜੁੜਣ ਲਈ ਪ੍ਰੇਰਿਤ ਕੀਤਾ। ਪਹਿਲੇ ਦਿਨ ਹੋਏ ਖੇਡ ਮੁਕਾਬਲਿਆ 'ਚ ਅਥਲੈਟਿਕਸ ਦੇ ਮੁਕਾਬਲਿਆ 'ਚ ਅੰਡਰ 14 ਲੜਕੇ ਈਵੇਂਟ 60 ਮੀਟਰ 'ਚ ਉਦੇ ਪ੍ਰਤਾਪ ਸਿੰਘ ਨੇ ਪਹਿਲਾ ਸਥਾਨ, ਆਯੂਸ਼ ਰਾਜ ਨੇ ਦੂਜਾ ਅਤੇ ਸਤਵੀਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾ ਅੰਡਰ 14 (ਲੜਕੀਆਂ) ਈਵੇਂਟ 60 ਮੀਟਰ ਹਰਮਨ ਕਰਨਦੀਪ ਕੌਰ ਨੇ ਪਹਿਲਾ, ਜੈਸਮੀਨ ਕੌਰ ਨੇ ਦੂਜਾ ਅਤੇ ਸਿਮਰਨ ਨੇ ਤੀਜਾ ਸਥਾਨ ਹਾਸਲ ਕੀਤਾ। ਕਬੱਡੀ ਸਰਕਲ ਸਟਾਈਲ (ਅੰਡਰ-14 ਲੜਕੇ) ਪਿੰਡ ਜਗਤਪੁਰ ਨੇ ਪਹਿਲਾ ਅਤੇ ਪਿੰਡ ਸਾਧਪੁਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਵਾਲੀਵਾਲ ਸਮੇਸਿੰਗ (ਅੰਡਰ-14 ਲੜਕੇ) ਪੀ ਐਸ ਪਰੈਜੀਡੈਂਸੀ ਸਕੂਲ ਰਾਹੋਂ ਨੇ ਪਹਿਲਾ ਅਤੇ ਪਿੰਡ ਮੁਕੰਦਪੁਰ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ- 17 ਲੜਕੇ) ਵਿੱਚ ਵੀ ਪੀ.ਐਸ ਪਰੈਜੀਡੈਂਸੀ ਸਕੂਲ ਰਾਹੋਂ ਨੇ ਪਹਿਲਾ ਅਤੇ ਪਿੰਡ ਮੁਕੰਦਪੁਰ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਗਾਂਜੇ ਤੇ ਮੋਟਰਸਾਈਕਲ ਸਣੇ ਤਿੰਨ ਕਾਬੂ

ਫਗਵਾੜਾ, (ਡਾ. ਰਮਨ, ਇੰਦਰਜੀਤ ਸਿੰਘ ਮਠਾੜੂ)-ਸਤਨਾਮਪੁਰਾ ਪੁਲਸ ਨੇ ਗਾਂਜੇ ਸਣੇ ਦੋ ਵਿਅਕਤੀਆਂ ਨੂੰ ਕਾਬੂ ਕਰਕੇ ਐਨ ਡੀ ਪੀ ਐਸ- ਐਕਟ ਤਹਿਤ ਕੇਸ ਦਰਜ ਕੀਤਾ ਹੈ।ਐਸ ਪੀ ਰੁਪਿੰਦਰ ਕੌਰ ਭੱਟੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਚਹੇੜੂ ਚੌਂਕੀ ਇੰਚਾਰਜ ਦਰਸ਼ਨ ਸਿੰਘ ਭੱਟੀ ਦੀ ਅਗਵਾਈ 'ਚ ਪੁਲਸ ਨੇ ਰਾਜ ਕੁਮਾਰ ਸ਼ਾਹ ਪੁੱਤਰ ਰਾਮ ਸਰੂਪ ਸ਼ਾਹ ਵਾਸੀ ਮਕਸੂਦਪੁਰ ਹਾਲ ਵਾਸੀ ਖਜ਼ੂਰਲਾ ਤੇ ਰਾਮ ਪ੍ਰਸ਼ਾਦ ਦਾਸ ਪੁੱਤਰ ਮਕੰਦਾਸ ਵਾਸੀ ਬਿੱਧੀ ਪੱਟੀ ਹਾਲ ਵਾਸੀ ਖਜ਼ੂਰਲਾ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ ਇੱਕ ਕਿਲੋ ਗਾਂਜਾ ਬ੍ਰਾਮਦ ਕੀਤਾ ਹੈ। ਇਸੇ ਤਰ੍ਹਾਂ ਸਤਨਾਮਪੁਰਾ ਪੁਲਿਸ ਨੇ ਥਾਣੇ ਦੇ ਬਾਹਰ ਲਗਾਏ ਨਾਕੇ ਦੌਰਾਨ ਇੱਕ ਨੌਜਵਾਨ ਅਕਾਸ਼ ਚੰਦਰ ਉਰਫ਼ ਮਨੀ ਪੁੱਤਰ ਅਵਤਾਰ ਲਾਲ ਵਾਸੀ ਭਾਣੋਕੀ ਨੂੰ ਇੱਕ ਮੋਟਰਸਾਈਕਲ ਸਣੇ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਖਿਲਾਫ਼ ਧਾਰਾ 379-ਬੀ, 34 ਆਈ.ਪੀ.ਸੀ ਤਹਿਤ ਥਾਣਾ ਸਤਨਾਮਪੁਰਾ ਵਿਖੇ ਕੇਸ ਦਰਜ ਸੀ।

ਨੀਲਮ ਮਹੇ

9-SEP-PAGE-9.qxd 9/8/2024 9:56 PM Page 1

ਏਕਮ ਪਬਲਿਕ ਸਕੂਲ ਦੇ ਐਥਲੀਟਾਂ ਨੇ 17 ਗੋਲਡ, 5 ਸਿਲਵਰ ਤੇ 4 ਬਰੌਂਜ਼ ਮੈਡਲ ਜਿੱਤੇ

ਮਹਿਤਪੁਰ (ਰਾਜਾ) ਏਕਮ ਪਬਲਿਕ ਸਕੂਲ ਮਹਿਤਪੁਰ ਦੇ ਵਿਦਿਆਰਥੀਆਂ ਨੇ ਪੰਜਾਬ ਮੇਲਾ 2024 ਵਿੱਚ 17 ਗੋਲਡ, 5 ਸਿਲਵਰ ਅਤੇ 4 ਬਰੌਂਜ਼ ਮੈਡਲ ਜਿੱਤ ਕੇ ਆਪਣਾ ਅਤੇ ਸਕੂਲ ਦਾ ਮਾਣ ਵਧਾਇਆ।ਇਹ ਜਾਣਕਾਰੀ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਵਲੋਂ ਸਾਂਝੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਖੇਡ ਮੇਲੇ ਵਿੱਚ ਅੰਡਰ 14 ਲੜਕਿਆਂ ਦੀ ਕੈਟੇਗਰੀ ਵਿੱਚ ਸਾਹਿਬਵੀਰ ਸਿੰਘ ਨੇ ਸ਼ੌਰਟ ਪੁੱਟ ਅਤੇ ਲੌਂਗਜੰਪ ਵਿੱਚ ਫਸਟ, ਵਿਕਰਮ ਘਾਰੂ ਨੇ 60 ਮੀਟਰ ਰੇਸ ਵਿੱਚ ਫਸਟ ਅਤੇ 60 ਮੀਟਰ ਵਿੱਚ ਜਸਕਰਨ ਸਿੰਘ ਨੇ ਸੈਕਿੰਡ ਪੁਜੀਸ਼ਨ ਹਾਸਲ ਕੀਤੀ। ਇਸੇ ਤਰ੍ਹਾਂ ਅੰਡਰ 14 ਲੜਕੀਆਂ ਦੀ ਕੈਟਾਗਰੀ ਵਿੱਚ ਰਜਮੀਤ ਕੌਰ ਨੇ 60 ਮੀਟਰ ਰੇਸ ਅਤੇ ਲੌਂਗ ਜੰਪ ਵਿੱਚ ਫਸਟ ਅਤੇ ਸ਼ੌਰਟ ਪੁੱਟ ਵਿੱਚ ਥਰਡ ਪੁਜੀਸ਼ਨ ਹਾਸਲ ਕੀਤੀ।ਇਸੇ ਪ੍ਰਕਾਰ ਅੰਡਰ 17 ਲੜਕਿਆਂ ਦੀ ਕੈਟਾਗਰੀ ਵਿੱਚ ਹਿਤੇਸ਼ ਰਾਣਾ ਨੇ 100 ਮੀਟਰ ਰੇਸ ਵਿੱਚ ਫਸਟ, ਵਰਿੰਦਰਜੀਤ ਸਿੰਘ ਨੇ ਸ਼ੌਰਟਪੁੱਟ ਵਿੱਚ ਫਸਟ, ਨਵਨੂਰ ਸਿੰਘ ਨੇ 100 ਮੀਟਰ ਰੇਸ ਸੈਕਿੰਡ ਅਤੇ 200 ਮੀਟਰ ਵਿੱਚ ਫਸਟ ਪੁਜੀਸ਼ਨ ਹਾਸਿਲ ਕੀਤੀ।ਜਦ ਕਿ ਸਾਹਿਲਪ੍ਰੀਤ ਸਿੰਘ ਨੇ 200 ਮੀਟਰ ਰੇਸ ਵਿੱਚ ਸੈਕਿੰਡ, ਅਨਮੋਲ ਸਿੰਘ ਨੇ 400 ਮੀਟਰ ਵਿੱਚ ਫਸਟ, 400 ਮੀਟਰ ਵਿੱਚ ਸਾਹਿਲਪ੍ਰੀਤ ਸਿੰਘ ਥਰਡ ਪੁਜੀਸ਼ਨ ਹਾਸਿਲ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ ਇਸੇ ਪ੍ਰਕਾਰ ਪਰਮਪਾਲ ਸਿੰਘ ਨੇ 1500 ਅਤੇ 3000 ਮੀਟਰ ਵਿੱਚ ਫਸਟ ਪੁਜੀਸ਼ਨ ਹਾਸਿਲ ਕੀਤੀ। ਅੰਡਰ 17 ਲੜਕੀਆਂ ਦੀ ਕੈਟੇਗਰੀ ਵਿੱਚ ਹਰਮਨਜੋਤ ਕੌਰ ਨੇ 100 ਅਤੇ 200 ਮੀਟਰ ਰੇਸ ਵਿੱਚ ਸੈਕਿੰਡ,ਨਵਦੀਪ ਕੌਰ ਨੇ ਸ਼ੌਰਟਪੁੱਟ ਵਿੱਚ ਫਸਟ, 1500 ਅਤੇ 3000 ਮੀਟਰ ਵਿੱਚ ਚਨਪ੍ਰੀਤ ਕੌਰ ਫਸਟ ਪੁਜੀਸ਼ਨ ਪ੍ਰਾਪਤ ਕੀਤੀ। ਅੰਡਰ 21 ਲੜਕਿਆਂ ਦੀ ਕੈਟਾਗਰੀ ਵਿੱਚ ਅਗਮਜੋਤ ਸਿੰਘ ਨੇ ਲੌਂਗਜੰਮ ਵਿੱਚ ਫਸਟ ਅਤੇ 100 ਮੀਟਰ ਰੇਸ ਵਿੱਚ ਪਹਿਲਾਂ ਸਥਾਨ ਹਾਸਿਲ ਕੀਤਾ ਜਦਕਿ ਕਮਲਪ੍ਰੀਤ ਵਿਰਦੀ ਨੇ 100 ਅਤੇ 200 ਮੀਟਰ ਰੇਸ ਵਿੱਚ ਤੀਜਾ ਅਤੇ ਪਹਿਲਾ ਸਥਾਨ ਪਾਪਤ ਕੀਤਾ।ਇਸਦੇ ਨਾਲ ਹੀ ਅੰਡਰ 21 ਲੜਕੀਆਂ ਦੀ ਕੈਟਾਗਰੀ ਵਿੱਚ ਮਨਰੂਪ ਕੌਰ ਨੇ 100 ਮੀਟਰ ਰੇਸ ਅਤੇ ਸ਼ੌਰਟ ਪੁੱਟ ਵਿੱਚ ਪਹਿਲਾਂ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਮੈਨੇਜਮੈਂਟ ਅਤੇ ਸਮੂਹ ਸਟਾਫ਼ ਵਲੋਂ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਕੋਚ ਸਰਦਾਰ ਪਰਮਿੰਦਰ ਸਿੰਘ ਨੂੰ ਵਧਾਈ ਦਿੱਤੀ ਗਈ।

ਜ਼ਿਲ੍ਹਾ ਮੋਹਾਲੀ ਇੰਟਕ ਦੇ ਗੁਰਪ੍ਰੀਤ ਸਿੰਘ ਪ੍ਰਧਾਨ ਨਿਯੁਕਤ

ਮੋਹਾਲੀ (ਗੁਰਜੀਤ ਬਿੱਲਾ) ਗੁਰਪ੍ਰੀਤ ਸਿੰਘ ਪਿੰਡ ਚੰਦੋਂ ਗੋਬਿੰਦਗੜ੍ਹ ਪਲਹੇੜੀ ਇੰਡੀਅਨ ਨੈਸਨਲ ਟਰੇਡ ਯੂਨੀਅਨ ਕਾਂਗਰਸ (ਇੰਟਕ) ਜਿਲ੍ਹਾ ਮੋਹਾਲੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।ਇਥੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਇੰਡੀਅਨ ਨੈਸਨਲ ਟਰੇਡ ਯੂਨੀਅਨ ਕਾਂਗਰਸ (ਇੰਟਕ) ਪੰਜਾਬ ਦੇ ਚੇਅਰਮੈਨ ਬਲਬੀਰ ਸਿੰਘ ਕੇ ਪੀ ਅਤੇ ਮੀਤ ਪ੍ਰਧਾਨ ਮਨਦੀਪ ਸਿੰਘ ਨੇ ਗੁਰਪ੍ਰੀਤ ਸਿੰਘ ਨੂੰ ਨਿਯੁਕਤੀ ਪੱਤਰ ਦਿਤਾ।ਕੇ ਪੀ ਨੇ ਕਿਹਾ ਕਿ ਇੰਡੀਅਨ ਨੈਸਨਲ ਟਰੇਡ ਯੂਨੀਅਨ ਕਾਂਗਰਸ (ਇੰਟਕ) ਪੰਜਾਬ ਵੱਖ-ਵੱਖ ਖੇਤਰ ਵਿੱਚ ਸਰਕਾਰ ਅਤੇ ਠੇਕੇਦਾਰਾਂ ਵੱਲੋਂ ਮਜਦੂਰਾਂ ਦੀ ਕੀਤੀ ਜਾ ਰਹੀ ਲੁੱਟ ਵਿਰੁੱਧ ਸੰਘਰਸ਼ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ।ਇਸ ਮੌਕੇ ਗੱਲਬਾਤ ਕਰਦਿਆਂ ਨਵੇਂ ਬਣੇ ਜਿਲ੍ਹਾ ਮੋਹਾਲੀ ਦੇ ਪ੍ਰਧਾਨ ਗੁਰਵਿੰਦਰ ਸਿੰਘ ਨੇ ਕਿਹਾ ਕਿ ਉਹ ਜੋ ਜਿੰਮੇਵਾਰੀ ਉਨ੍ਹਾਂ ਇੰਟਕ ਪੰਜਾਬ ਦੇ ਚੇਅਰਮੈਨ ਬਲਬੀਰ ਕੇ ਪੀ ਵੱਲੋਂ ਸੌਂਪੀ ਗਈ ਹੈ ਉਹ ਉਸ ਨੂੰ ਇਮਾਨਦਾਰੀ ਨਾਲ ਨਿਭਾਉਣਗੇ।

ਡੇਂਗੂ ਮੱਛਰ ਦੇ ਖਾਤਮੇ ਲਈ ਸਿਹਤ ਵਿਭਾਗ ਦੀ ਟੀਮ ਪੱਬਾਂ ਭਾਰ

ਬਲਾਚੌਰ (ਜਸਵਿੰਦਰ ਬੈਂਸ) ਮੁੱਢਲਾ ਸਿਹਤ ਕੇਂਦਰ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਦੇ ਦਿਸ਼ਾ ਨਿਰਦੇਸ਼ਾ ਤਹਿਤ ਹਰ ਸ਼ੁੱਕਰਵਾਰ ਡੇਂਗੂ ਮੱਛਰ ਉਪਰ ਵਾਰ ਚਲਾਈ ਮੁਹਿੰਮ ਤਹਿਤ ਸਿਹਤ ਵਿਭਾਗ ਦੀ ਟੀਮ ਵਲੋਂ ਸ਼ਹਿਰ ਦੇ ਵੱਖ ਵੱਖ ਸਥਾਨਾਂ 'ਤੇ ਲਾਰਵਾ ਨਸ਼ਟ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆ ਇੰਚਾਰਜ ਹਰਜਿੰਦਰ ਸਿੰਘ ਹੈਲਥ ਇੰਸਪੈਕਟਰ, ਅਮਨਦੀਪ ਸਿਘ ਮਲਟੀਪਰਪਜ ਹੈਲਥ ਵਰਕਰ (ਮੇਲ) ਨੇ ਦੱਸਿਆ ਉਨ੍ਹਾਂ ਵਲੋਂ ਸ਼ਹਿਰ ਅੰਦਰ ਨਰਸਰੀਆਂ, ਕੁਆੜ ਦੀਆਂ ਦੁਕਾਨਾਂ ਤਹਿਸੀਲ ਕੰਪਲੈਕਸ ਸਮੇਤ ਹੋਰ ਵੱਖ ਸਰਕਾਰੀ ਦਫਤਰਾ ਵਿੱਚ ਜਾ ਕੇ ਕੂਲਰ, ਗਮਲਿਆ ਅਤੇ ਹੋਰ ਪਾਣੀ ਖੜਨ ਵਾਲੀਆ ਚੀਜ਼ਾ ਨੂੰ ਚੈਕ ਕੀਤਾ ਗਿਆ ਅਤੇ ਜਿੱਥੇ ਕਿੱਤੇ ਵੀ ਡੇਂਗੂ ਮੱਛਰ ਦਾ ਲਾਰਵਾ ਮਿਲਿਆ ਨੂੰ ਨਸ਼ਟ ਕੀਤਾ ਗਿਆ । ਉਨ੍ਹਾਂ ਦੱਸਿਆ ਕਿ ਤਹਿਸੀਲ ਕੰਪਲੈਕਸ ਵਿੱਚ ਬਣੇ ਪਟਵਾਰ ਖਾਨੇ ਦੇ ਪਿਛਲੇ ਪਾਸੇ ਪਾਣੀ ਦੀ ਲੀਕੇਜ਼ ਨਾਲ ਬਣੇ ਛੱਪੜ ਵਿੱਚ ਜੋ ਲਾਰਵਾ ਸੀ ਨੂੰ ਦਵਾਈ ਦਾ ਛਿੜਕਾ ਕਰਕੇ ਖਤਮ ਕੀਤਾ ਗਿਆ। ਉਨ੍ਹਾਂ ਲੋਕਾਂ ਨੂੰ ਹਦਾਇਤ ਕੀ ਉਹ ਕੂਲਰਾ, ਗਮਲਿਆ ਅਤੇ ਹੋਰ ਸਥਾਨਾ ਉਪਰ ਪਾਣੀ ਨੂੰ ਖੜਾ ਨਾ ਹੋਣ ਦੇਣ ਅਤੇ ਮੱਛਰ ਦੇ ਖਾਤਮੇ ਲਈ ਅਜਿਹੇ ਸਥਾਨਾ ਉਪਰ ਡੀਜ਼ਲ ਜਾਂ ਕਾਲੇ ਤੇਲ ਦਾ ਛਿੜਕਾ ਕਰਕੇ ਵੀ ਖਤਮ ਕੀਤਾ ਜਾ ਸਕਦਾ ਹੈ । ਉਨ੍ਹਾਂ ਸਾਫ ਸਫਾਈ ਨੂੰ ਤਰਜੀਹ ਦਿੱਤੇ ਜਾਣ ਦੀ ਵੀ ਅਪੀਲ ਕੀਤੀ। ਇਸ ਮੌਕੇ ਸੁਰਿੰਦਰ ਸਿੰਘ ਮਲਟੀਪਰਜ ਹੈਲਥ ਵਰਕਰ (ਮੇਲ), ਜਸਪਾਲ ਸਿੰਘ, ਸੁਭਾਸ਼ ਚੰਦਰ, ਅਨਮੋਲ, ਰਜਿੰਦਰ ਕੁਮਾਰ, ਗੁਰਿੰਦਰ ਸਿੰਘ ਬਰੀਡਰ ਚੈਕਰ ਵੀ ਮੌਜੂਦ ਸਨ ।

ਡਾ. ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਨੇ ਸਰਪੰਚ ਲਖਵੀਰ ਸਿੰਘ ਭੱਟੀ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਰੂਪੋਵਾਲ ਵਿਖੇ ਉਘੇ ਸਮਾਜ ਸੇਵਕ, ਸਰਪੰਚ ਲਖਵੀਰ ਸਿੰਘ ਭੱਟੀ ਰੂਪੋਵਾਲ ਦਾ ਬੀਤੀ ਦਿਨੀਂ ਦੇਹਾਂਤ ਹੋ ਗਿਆ ਸੀ।ਇਸ ਮੌਕੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ, ਰਾਜਨੀਤੀ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਪੱਤਰਕਾਰ ਭਾਈਚਾਰਾ ਸਮਾਜਿਕ ਸੰਸਥਾਵਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਧਰਮੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਰਪੰਚ ਲਖਵੀਰ ਸਿੰਘ ਭੱਟੀ ਰੂਪੋਵਾਲ ਬਹੁਤ ਹੀ ਨੇਕ ਦਿਲ, ਮਿੱਠ ਬੋਲੜੇ, ਮਿਲਣਸਾਰ ਇਨਸਾਨ ਸਨ।ਇਸ ਮੌਕੇ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਨੇ ਅਕਾਲ ਪੁਰਖ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਇਸ ਮੌਕੇ ਦੁੱਖ ਦੀ ਘੜੀ ਵਿੱਚ ਡਾਕਟਰ ਪਰਮਿੰਦਰ ਸੂਦ ਐੱਸ

ਜੀ ਆਰ ਹਸਪਤਾਲ ਕੋਟ ਫਤੂਹੀ, ਡਾਕਟਰ ਗਗਨਦੀਪ ਸਿੰਘ ਗੋਪਾਲੀਆ, ਮੋਹਣ ਸਿੰਘ ਟੋਡਰਪੁਰ, ਬਾਬਾ ਸੋਢੀ ਸ਼ਾਹ ਰੂਪੋਵਾਲ, ਬਿੱਲਾ ਲਕਸੀਹਾਂ, ਜੱਸਾ ਭਰੋਲੀ ਅਸ਼ੋਕ ਕੁਮਾਰ ਫਰਾਲਾ, ਕਰਨ ਰੂਪੋਵਾਲ ਆਦਿ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਲਾਇਲਪੁਰ ਖ਼ਾਲਸਾ ਕਾਲਜ ਦੇ ਬੀ ਕਾਮ ਦੂਜਾ ਸਮੈਸਟਰ ਦੀ ਵਿਦਿਆਰਥਣ ਮੈਰਿਟ 'ਚ ਅੱਵਲ

ਜਲੰਧਰ (ਸ਼ੈਲੀ ਐਲਬਰਟ)- ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਲਈ ਬਹੁਤ ਮਾਣ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਇਸ ਦੇ ਪੋਸਟ ਗਰੈਜੂਏਟ ਕਾਮਰਸ ਵਿਭਾਗ ਵਿਚ ਬੀ.ਕਾਮ ਸਮੈਸਟਰ ਦੂਜਾ ਦੀ ਵਿਦਿਆਰਥਣ ਏਕਤਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਐਲਾਨੇ ਨਤੀਜੇ ਵਿਚ 10 ਵਿੱਚੋਂ 8.62 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥਣ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ।ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਇਸ ਮੌਕੇ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।ਕਾਮਰਸ ਵਿਭਾਗ ਦੇ ਮੁਖੀ ਡਾ. ਰਛਪਾਲ ਸਿੰਘ ਸੰਧੂ ਨੇ ਕਿਹਾ ਕਿ ਵਿਭਾਗ ਆਪਣੇ ਵਿਦਿਆਰਥੀਆਂ ਦੀ ਅਕਾਦਮਿਕ ਉੱਤਮਤਾ ਲਈ ਕੋਈ ਕਸਰ ਬਾਕੀ ਨਹੀਂ ਛੱਡਦਾ। ਵਿਦਿਆਰਥਣ ਨੇ ਆਪਣੇ ਇਸ ਉਪਲਬਧੀ ਦਾ ਸਿਹਰਾ ਅਧਿਆਪਕਾਂ ਨੂੰ ਅਤੇ ਕਾਲਜ ਦੇ ਵਧੀਆ ਪੜ੍ਹਾਈ ਨੂੰ ਦਿੱਤਾ।

ਪਟਵਾਰ ਯੂਨੀਅਨ ਦੇ ਸੌਰਵ ਸ਼ੁਕਲਾ ਪ੍ਰਧਾਨ ਤੇ ਗੁਰਪ੍ਰੀਤ ਸਿੰਘ ਜਨਰਲ ਸਕੱਤਰ ਬਣੇ

ਖਰੜ (ਹਰਨਾਮ ਸਿੰਘ ਡੱਲਾ)-ਜਿਲ੍ਹਾ ਪਟਵਾਰ ਯੂਨੀਅਨ ਜਿਲ੍ਹਾ ਐਸ ਏ ਐਸ ਨਗਰ ਦੀ ਮੀਟਿੰਗ ਸਾਬਕਾ ਪ੍ਰਧਾਨ ਅਦਿੱਤਿਆਂ ਕੌਸ਼ਲ, ਸੂਬਾ ਖਜਾਨਚੀ ਹਰਵਿੰਦਰ ਸਿੰਘ ਪੋਹਲੀ, ਜਿਲ੍ਹਾ ਕਾਨੂੰਗੋ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਰਾਣਾ ਦੀ ਅਗਵਾਈ ਵਿਚ ਹੋਈ।ਇਸ ਮੀਟਿੰਗ ਵਿਚ ਜਿਲ੍ਹਾ ਐਸ ਏ ਐਸ ਨਗਰ ਦੇ ਕਾਨੂੰਗੋ ਅਤੇ ਪਟਵਾਰੀ ਸ਼ਾਮਲ ਹੋਏ।ਮੀਟਿੰਗ ਵਿਚ ਸਰਬ ਸੰਮਤੀ ਨਾਲ ਸੌਰਵ ਸ਼ੁਕਲਾ ਨੂੰ ਪ੍ਰਧਾਨ, ਗੁਰਪ੍ਰੀਤ ਸਿੰਘ ਨੂੰ ਜਨਰਲ ਸਕੱਤਰ, ਕਿਰਨ ਬਾਲਾ ਨੂੰ ਖਜਾਨਚੀ, ਗੁਰਕੰਵਲ ਸਿੰਘ ਤੇ ਰਵਿੰਦਰ ਮੱਟੂ ਨੂੰ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ ਹਨ। ਨਵ ਨਿਯੁਕਤ ਪ੍ਰਧਾਨ ਸੌਰਵ ਸ਼ੁਕਲਾ ਨੇ ਕਿਹਾ ਕਿ ਪਟਵਾਰੀਆਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਦੇ ਹੱਲ ਲਈ ਜਿਲੇ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਜਾਵੇਗੀ। ਮੀਟਿੰਗ ਵਿਚ ਦੀ ਰੈਵੀਨਿਊ ਪਟਵਾਰ ਯੂਨੀਅਨ ਤਹਿਸੀਲ ਖਰੜ ਦੇ ਪ੍ਰਧਾਨ ਜਗਤਾਰ ਸਿੰਘ, ਅਜੀਤ ਸਿੰਘ ਮਾਮੂਪੁਰ, ਪਰਮਜੀਤ ਸਿੰਘ ਚੋਧਰੀ, ਜਸਵੀਰ ਸਿੰਘ ਖੇੜਾ, ਬਲਜੀਤ ਸਿੰਘ, ਮਨਿੰਦਰ ਸਿੱਧੂ, ਮਨਦੀਪ ਕੌਰ, ਲਿਸ਼ਾ ਸਿੰਗਲਾ,ਨਵਨੀਤ ਸਿੰਘ ਸਮੇਤ ਸਮੂਹ ਪਟਵਾਰੀ, ਕਾਨੂੰਗੋ ਹਾਜ਼ਰ ਸਨ।

ਸਤਨਾਮ ਸਿੰਘ ਪੰਜਾਬ ਰਾਜ ਅਧਿਆਪਕ ਪੁਰਸਕਾਰ ਨਾਲ ਸਨਮਾਨਤ

ਨਵਾਂਸ਼ਹਿਰ (ਮਨੋਜ ਲਾਡੀ) ਅਧਿਆਪਨ ਦੇ ਖੇਤਰ 'ਚ ਮਿਲਣ ਵਾਲ਼ਾ ਰਾਜ ਪੱਧਰੀ ਸਭ ਤੋਂ ਵੱਡਾ ਸਨਮਾਨ ਪੰਜਾਬ ਰਾਜ ਅਧਿਆਪਕ ਪੁਰਸਕਾਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਰਾਹੋਂ ਦੇ ਲੈਕਚਰਾਰ ਸਤਨਾਮ ਸਿੰਘ ਨੂੰ ਪ੍ਰਾਪਤ ਹੋਇਆ।ਸਤਨਾਮ ਸਿੰਘ ਨੇ ਬਤੌਰ ਸਾਇੰਸ ਮਾਸਟਰ ਸਿੱਖਿਆ ਵਿਭਾਗ ਵਿੱਚ ਸੰਨ ਦਸੰਬਰ 2001 ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਜ਼ਾਰਾ ਡੀਗੰਗਰੀਆਂ ਜਿਲ੍ਹਾ ਹੁਸ਼ਿਆਰਪੁਰ ਤੋਂ ਸ਼ੁਰੂ ਕੀਤਾ।ਇਸ ਸਕੂਲ ਵਿੱਚ ਸਿੱਖਿਆ ਦੇ ਖੇਤਰ ਵਿੱਚ ਅਣਥੱਕ ਸੇਵਾਵਾਂ ਨਿਭਾਉਂਦੇ ਹੋਏ ਸੰਨ 2012 ਵਿੱਚ ਬਤੌਰ ਲੈਕਚਰਾਰ ਬਾਇਓਲੌਜ਼ੀ ਪਦ-ਉੱਨਤ ਹੋਏ।ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ਼ ਨਾਲ਼ ਸਿੱਖਿਆ ਵਿਭਾਗ ਵਲੋਂ ਜਾਰੀ ਹਰ ਪ੍ਰਕਾਰ ਦੇ ਮੁਕਾਬਲਿਆਂ ਵਿੱਚ ਭਾਗ ਦੁਆਉਂਦੇ ਹੋਏ ਰਾਜ ਪੱਧਰੀ ਅਤੇ ਰਾਸ਼ਟਰ ਪੱਧਰੀ ਮੁਕਾਬਲਿਆਂ ਦਾ ਹਿੱਸਾ ਬਣੇ। ਆਪ ਖੁਦ ਵੀ ਅਧਿਆਪਕਾਂ ਦੇ ਹੋਣ ਵਾਲ਼ੇ ਮੁਕਾਬਲਿਆਂ ਵਿੱਚ ਰਾਜ ਪੱਧਰ ਤੱਕ ਭਾਗ ਲਿਆ।ਸਾਲ 2021 ਵਿੱਚ ਸਿੱਖਿਆ ਵਿਭਾਗ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਬਣਾਈ ਗਈ ਮੋਬਾਇਲ ਸਾਇੰਸ ਕਮ ਕੰਪਿਊਟਰ ਲੈਬ ਆਨ ਵੀਲ੍ਹਸ ਬੱਸ ਬਣਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਜਿਸਨੂੰ ਵੱਖ-ਵੱਖ ਸਕੂਲਾਂ ਵਿੱਚ ਭੇਜਣ ਦੀ ਜਿੰਮੇਵਾਰੀ ਵੀ ਨਿਭਾ ਰਹੇ ਹਨ।

ਸਿਵਲ ਸਰਜਨ ਵੱਲੋਂ ਸਿਵਲ ਹਸਪਤਾਲ ਟਾਂਡਾ ਦਾ ਅਚਨਚੇਤ ਨਿਰੀਖਣ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਸਿਵਲ ਸਰਜਨ ਡਾ. ਪਵਨ ਕੁਮਾਰ ਵੱਲੋਂ ਸਿਵਲ ਹਸਪਤਾਲ ਟਾਂਡਾ ਦਾ ਅਚਨਚੇਤ ਨਿਰੀਖਣ ਕੀਤਾ ਗਿਆ।ਉਹਨਾਂ ਵੱਲੋਂ ਹਸਪਤਾਲ ਦੇ ਸਾਰੇ ਵਿੰਗਾਂ ਦਾ ਨਿਰੀਖਣ ਕੀਤਾ ਤੇ ਉੱਥੇ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਵਿਸਾਰਪੂਰਵਕ ਜਾਣਕਾਰੀ ਹਾਸਲ ਕੀਤੀ।ਇਸ ਮੌਕੇ ਡਾ. ਕਰਨ ਕੁਮਾਰ ਸੈਣੀ ਐਸ ਐਮ ਓ ਟਾਂਡਾ ਅਤੇ ਮੁਹੰਮਦ ਆਸਫ ਡੀ ਪੀ ਐਸ ਵੀ ਉਹਨਾਂ ਦੇ ਨਾਲ ਹਾਜ਼ਰ ਸਨ।ਇਸ ਮੌਕੇ ਜਾਣਕਾਰੀ ਦਿੰਦੇਆ ਡਾ. ਪਵਨ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਉਹਨਾਂ ਦੇ ਘਰਾਂ ਦੇ ਨਜ਼ਦੀਕ ਅਤੇ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ।ਉਹਨਾਂ ਨੇ ਸਮੂਹ ਸਟਾਫ ਨੂੰ ਹਦਾਇਤ ਕੀਤੀ ਗਈ ਲੋਕਾਂ ਨੂੰ ਸਿਹਤ ਸਹੂਲਤਾਂ ਅਤੇ ਹੋਰ ਸਰਕਾਰੀ ਲਾਭਕਾਰੀ ਸਕੀਮਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕਰਨ ਅਤੇ ਲੋਕਾ ਨੂੰ ਅਪਣੱਤ ਨਾਲ ਰਵੱਈਆ ਅਪਣਾਉਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਹਰਪ੍ਰੀਤ ਸਿੰਘ, ਡਾ. ਕਰਤਾਰ ਸਿੰਘ, ਡਾ. ਸ਼ਗੁਨ, ਡਾ. ਵਰੁਨ ਨਈਅਰ, ਡਾ. ਬਲਜੀਤ ਕੌਰ, ਬਲਰਾਜ ਸਿੰਘ, ਅਵਤਾਰ ਸਿੰਘ ਬੀ ਈ ਈ,

9-SEP-PAGE-10.qxd 9/8/2024 9:40 PM Page 1

ਪੈਟਰੋਲ, ਡੀਜ਼ਲ ਦੀਆਂ ਕੀਮਤਾਂ 'ਚ ਵਾਧੇ ਖ਼ਿਲਾਫ਼ ਭਾਜਪਾ ਵੱਲੋਂ ਰੋਸ ਪ੍ਰਦਰਸ਼ਨ

ਪਟਿਆਲਾ (ਰਾਜਿੰਦਰ ਸਿੰਘ ਬਿੰਦ)

ਭਾਜਪਾ ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਦੀ ਅਗਵਾਈ ਹੇਠ ਭਾਜਪਾ ਮਹਿਲਾ ਮੋਰਚਾ ਪਟਿਆਲਾ ਤੇ ਯੁਵਾ ਮੋਰਚਾ ਨੇ ਪੰਜਾਬ ਸਰਕਾਰ ਵੱਲੋਂ ਤੇਲ ਦੀਆਂ ਕੀਮਤਾਂ ਵਿੱਚ ਕੀਤੇ ਗਏ ਤਾਜ਼ਾ ਵਾਧੇ ਦੇ ਵਿਰੋਧ ਵਿੱਚ ਫਵਾਰਾ ਚੌਕ ਪਟਿਆਲਾ ਵਿਖੇ ਧਰਨਾ ਦਿੱਤਾ।ਇਸ ਧਰਨੇ ਨੇ 'ਆਪ' ਸਰਕਾਰ ਦੀਆਂ ਨੀਤੀਆਂ ਕਾਰਨ ਆਮ ਲੋਕਾਂ 'ਤੇ ਪਏ ਬੋਝ ਨੂੰ ਉਜਾਗਰ ਕੀਤਾ।ਪੰਜਾਬ ਸਰਕਾਰ ਨੇ ਪੈਟਰੋਲ ਦੀਆਂ ਕੀਮਤਾਂ 'ਚ 61 ਪੈਸੇ ਤੇ ਡੀਜ਼ਲ ਦੀਆਂ ਕੀਮਤਾਂ 'ਚ 92 ਪੈਸੇ ਦਾ ਵਾਧਾ ਕੀਤਾ ਹੈ, ਜਿਸ ਨਾਲ ਤੇਲ ਦੀਆਂ ਕੀਮਤਾਂ 'ਚ ਵੀ ਵਾਧਾ ਹੋਇਆ ਹੈ।'ਆਪ' ਸਰਕਾਰ ਦੇ ਸੱਤਾ 'ਚ ਆਉਣ ਤੋਂ ਬਾਅਦ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ 'ਚ ਕਰੀਬ 3 ਰੁਪਏ ਦਾ ਵਾਧਾ ਹੋਇਆ ਹੈ।ਇਸ ਤੋਂ ਇਲਾਵਾ ਬਿਜਲੀ ਦਰਾਂ ਵਿੱਚ 3 ਰੁਪਏ ਪ੍ਰਤੀ ਯੂਨਿਟ ਦਾ ਵਾਧਾ ਹੋਇਆ ਹੈ, ਅਤੇ 7 ਕਿਲੋਵਾਟ ਬਿਜਲੀ ਸਬਸਿਡੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।ਪ੍ਰਦਰਸ਼ਨਕਾਰੀਆਂ ਨੇ ਆਮ ਆਦਮੀ 'ਤੇ ਅਸਹਿ ਬੋਝ ਦਾ ਹਵਾਲਾ ਦਿੰਦੇ ਹੋਏ ਤੇਲ ਦੀਆਂ ਕੀਮਤਾਂ 'ਚ ਕੀਤੇ ਵਾਧੇ ਨੂੰ ਤੁਰੰਤ ਵਾਪਸ ਲੈਣ ਤੇ ਸਬਸਿਡੀਆਂ ਬਹਾਲ ਕਰਨ ਦੀ ਮੰਗ ਕੀਤੀ।ਉਨ੍ਹਾਂ 'ਆਪ' ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਲੋਕ ਭਲਾਈ ਨੂੰ ਨਜ਼ਰਅੰਦਾਜ਼ ਕਰਨ ਲਈ ਆਲੋਚਨਾ ਕੀਤੀ।ਭਾਜਪਾ ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਨੇ ਕਿਹਾ ਕਿ ਆਪ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹੀ ਹੈ, ਸਗੋਂ ਇਸ ਨੇ ਆਮ ਲੋਕਾਂ 'ਤੇ ਬੋਝ ਵਧਾ ਦਿੱਤਾ ਹੈ। ਅਸੀਂ ਜਨਤਾ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਤੁਰੰਤ ਕਾਰਵਾਈ ਦੀ ਮੰਗ ਕਰਦੇ ਹਾਂ।ਇਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਭਾਜਪਾ ਵਰਕਰਾਂ ਤੇ ਸਮਰਥਕਾਂ ਨੇ ਸ਼ਮੂਲੀਅਤ ਕੀਤੀ, ਜਿਨ੍ਹਾਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੀ ਸੂਬਾਈ ਮੀਟਿੰਗ

ਮੋਗਾ (ਇਕਬਾਲ ਸਿੰਘ ਖਹਿਰਾ)- ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੀ ਸੂਬਾਈ ਮੀਟਿੰਗ ਕਾਮਰੇਡ ਗੁਰਜੀਤ ਸਿੰਘ ਬਟਾਲਾ ਦੀ ਪ੍ਰਧਾਨਗੀ ਹੇਠ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਹੋਈ। ਮੀਟਿੰਗ ਬਾਰੇ ਜਥੇਬੰਦੀ ਦੇ ਜਨਰਲ ਸਕੱਤਰ ਜਗਦੀਸ਼ ਸਿੰਘ ਚਾਹਲ, ਗੁਰਜੰਟ ਸਿੰਘ ਕੋਕਰੀ, ਅਵਤਾਰ ਸਿੰਘ ਤਾਰੀ ਤੇ ਦੀਦਾਰ ਸਿੰਘ ਪੱਟੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਟਰਾਂਸਪੋਰਟ ਮਹਿਕਮੇ ਦੀਆਂ ਮੁਸ਼ਕਲਾਂ ਤੋਂ ਸਰਕਾਰ ਨੇ ਬਿਲਕੁਲ ਹੀ ਪਾਸਾ ਵੱਟਿਆ ਹੋਇਆ ਹੈ। ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਢਾਈ ਸਾਲ ਪਹਿਲਾਂ ਤੋਂ ਹੋਂਦ ਵਿੱਚ ਆਈ ਸੀ, ਇਸ ਨੇ ਮਹਿਕਮੇ ਅੰਦਰ ਇੱਕ ਵੀ ਬੱਸ ਨਵੀਂ ਨਹੀਂ ਪਾਈ, ਜਿਸ ਕਰਕੇ ਫਲੀਟ ਵਿੱਚੋਂ 1000 ਬੱਸਾਂ ਘੱਟ ਚੱਲ ਰਹੀਆਂ ਹਨ ਜਿਸ ਸਦਕਾ ਰੋਜ਼ਾਨਾ ਲਗਭਗ 150000 ਲਿੰਮੀਟਰ ਮਿਸ ਹੋ ਰਹੇ ਹਨ। ਇਨ੍ਹਾਂ ਮਿਸ ਹੋਏ ਕਿਲੋਮੀਟਰਾਂ ਦਾ ਟੈਕਸ ਵੀ ਮਹਿਕਮਾਂ ਲਗਾਤਾਰ ਦਿੰਦਾ ਆ ਰਿਹਾ ਹੈ, ਜਿਸ ਨਾਲ ਸਰਕਾਰ ਦੀ ਬਦਨਾਮੀ ਤੇ ਵਰਕਰਾਂ ਨਾਲ ਝਗੜੇ ਆਮ ਗੱਲ ਹੋ ਗੀ ਹੈ। ਫਰੀ ਸਫ਼ਰ ਦੀ ਸਹੂਲਤ ਦਾ ਬਕਾਇਆ ਲਗਭਗ 400 ਕਰੋੜ ਰੁਪਏ ਸਰਕਾਰ ਵੱਲ ਬਾਕੀ ਹੈ। ਨਜਾਇਜ਼ ਉਪਰੇਸ਼ਨਾਂ ਪਹਿਲਾਂ ਨਾਲੋਂ ਵੀ ਵੱਧ ਧੜੱਲੇ ਨਾਲ ਚੱਲ ਰਹੀਆਂ ਹਨ। ਘੱਟ ਬੱਸਾਂ ਹੋਣ ਦਾ ਲਾਭ ਵੀ ਪ੍ਰਾਈਵੇਟ ਅਪਰੇਟਰ ਖੂਬ ਉਠਾ ਰਹੇ ਹਨ। ਭ੍ਰਿਸ਼ਟਾਚਾਰ ਜੋ ਮਾਨ ਸਰਕਾਰ ਦੀ ਸਭ ਤੋਂ ਵੱਡੀ ਗਰੰਟੀ ਸੀ ਕਿ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਮੁਹੱਈਆ ਕਰਾਉਣਾ, ਉਸ ਵਿੱਚ ਪਹਿਲਾਂ ਨਾਲੋਂ ਬਹੁਤ ਵਾਧਾ ਹੋਇਆ ਹੈ। ਸਰਕਾਰ ਟਰਾਂਸਪੋਰਟ ਪਾਲਿਸੀ ਬਾਰੇ ਵੀ ਚੁੱਪ ਹੈ। ਟਾਈਮ ਟੇਬਲ ਪਹਿਲਾਂ ਦੀ ਤਰ੍ਹਾਂ ਹੀ ਚੱਲ ਰਹੇ ਹਨ, ਭਾਵ ਕਿ ਕੰਮ ਸੱਭਿਆਚਾਰ ਮਹਿਕਮੇ ਅੰਦਰ ਬੁਰੀ ਤਰ੍ਹਾਂ ਬਰਬਾਦ ਹੋ ਕੇ ਅਫ਼ਰਾਤਫ਼ਰੀ ਵਾਲਾ ਮਹੌਲ ਸਿਰਜਿਆ ਜਾ ਰਿਹਾ ਹੈ। ਠੇਕੇ ਤੇ ਆਊਟ ਸੋਰਸ ਕਾਮਿਆਂ ਨੂੰ ਪੱਕੇ ਕਰਨ ਦੀ ਬਜਾਏ ਵਾਰ-ਵਾਰ ਕਮੇਟੀਆਂ ਬਣਾ ਕੇ ਟਾਈਮ ਪਾਸ ਕੀਤਾ ਜਾ ਰਿਹਾ ਹੈ। 2004 ਤੋਂ ਬਾਅਦ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਤੋਂ ਸਰਕਾਰ ਮੁਨਕਰ ਹੈ। ਅਜਿਹੀਆਂ ਮੁਸ਼ਕਲਾਂ ਦੇ ਚੱਲਦਿਆਂ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੀਆਂ ਐਕਸ਼ਨ ਕਮੇਟੀਆਂ ਨੇ ਸਰਕਾਰ ਖਿਲਾਫ਼ ਇਕੱਠਿਆਂ ਹੋ ਕੇ ਲੜਨ ਦਾ ਫੈਸਲਾ ਕੀਤਾ ਹੈ, ਜਿਸਦੇ ਤਹਿਤ 13 ਸਤੰਬਰ ਨੂੰ ਲੁਧਿਆਣੇ ਵਿੱਚ ਲਾ-ਮਿਸਾਲ ਰੈਲੀ ਤੇ ਮਾਰਚ ਬੱਸ ਸਟੈਂਡ ਉੱਪਰ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਜੋ ਮੋਗੇ ਵਿੱਚ ਮਨਾਇਆ ਜਾ ਰਿਹਾ ਹੈ, ਉਸ ਵਿੱਚ ਪੰਜਾਬ ਰੋਡਵੇਜ਼ ਤੇ ਪੈਨਸ਼ਨਰ ਸਾਥੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ ਅਤੇ ਹਰ ਸਾਲ ਦੀ ਤਰ੍ਹਾਂ ਆਰਥਿਕ ਮੱਦਦ ਵੀ ਕਰਨਗੇ। ਇਸ ਮੀਟਿੰਗ ਵਿੱਚ 18 ਡਿੱਪੂਆਂ ਦੇ ਪ੍ਰਧਾਨ/ਜਨਰਲ ਸਕੱਤਰ, ਸੀਨੀਅਰ ਮੀਤ ਪ੍ਰਧਾਨ ਤੇ ਕੈਸ਼ੀਅਰਾਂ ਤੋਂ ਇਲਾਵਾ ਸੈਂਟਰ ਬਾਡੀ ਵੱਲੋਂ ਕਾਮਰੇਡ ਸੁਰਿੰਦਰ ਸਿੰਘ ਬਰਾੜ, ਅੰਗਰੇਜ਼ ਸਿੰਘ ਮੁਕਤਸਰ, ਗੁਰਜੀਤ ਸਿੰਘ ਜਲੰਧਰ, ਬਿਕਰਮਜੀਤ ਸਿੰਘ, ਬਲਰਾਜ ਭੰਗੂ, ਰਣਧੀਰ ਸਿੰਘ ਲੁਧਿਆਣਾ, ਗੁਰਮੀਤ ਸਿੰਘ ਚੰਡੀੜ੍ਹ, ਮਨਦੀਪ ਸਿੰਘ ਮਖੂ, ਜਗਪਾਲ ਸਿੰਘ ਤੇ ਗੁਰਪ੍ਰੀਤ ਸਿੰਘ ਮੋਗਾ ਸ਼ਾਮਲ ਹੋਏ।

ਠਾਠ ਚਰਨਘਾਟ ਵਿਖੇ ਵਾਪਰੀ ਘਟਨਾ ਨਿੰਦਣਯੋਗ : ਬਾਬਾ ਲੋਪੋ

ਜਗਰਾਉਂ (ਸੰਜੀਵ ਅਰੋੜਾ)- ਗੁਰਦੁਆਰਾ ਠਾਠ ਚਰਨਘਾਟ ਅਖਾੜਾ ਪੁਲ ਵਿਖੇ ਵਾਪਰੀ ਘਟਨਾ ਅਤਿ ਨਿੰਦਣਯੋਗ ਹੈ। ਅਜਿਹੇ ਬਾਬਿਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਦਸਮੇਸ਼ ਤਰਨਾ ਦਲ ਤੋਂ ਜਥੇਦਾਰ ਬਾਬਾ ਸੁਖਦੇਵ ਸਿੰਘ ਲੋਪੋ ਨੇ ਕੀਤਾ। ਬਾਬਾ ਲੋਪੋ ਨੇ ਕਿਹਾ ਕਿ ਬਾਣੇ ਨੂੰ ਬਦਨਾਮ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ 'ਚ ਬੈਠ ਕੇ ਬਾਬਾ ਬਲਜਿੰਦਰ ਸਿੰਘ ਨੇ ਜੋ ਘਟੀਆ ਕੰਮ ਕੀਤਾ ਹੈ, ਉਸ ਦੇ ਅਸੀਂ ਸਖ਼ਤ ਖਿਲਾਫ਼ ਹਾਂ। ਅੱਗੇ ਤੋਂ ਅਜਿਹਾ ਨਾ ਹੋਵੇ, ਇਸ ਲਈ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਇਸ ਮੌਕੇ ਸੁਖਜੀਤ ਸਿੰਘ ਚਕਰ, ਗੁਰਵਿੰਦਰ ਸਿੰਘ ਬੱਸੀਆਂ, ਰਵੀ ਸਿੰਘ ਬੱਸੀਆਂ, ਹਰਮਨ ਸਿੰਘ ਤੇ ਹਨੀ ਸਿੰਘ ਆਦਿ ਹਾਜ਼ਰ ਸਨ।

ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ



ਬਾਘਾ ਪੁਰਾਣਾ (ਮਨੀ ਸਿੰਗਲਾ)-ਇਲਾਕੇ ਦੀ ਮਸ਼ਹੂਰ ਸੰਸਥਾ ਜੇ. ਐੱਮ. ਐੱਸ. ਇਮੀਗ੍ਰੇਸ਼ਨ ਜੋ ਕਿ ਹਜ਼ਾਰਾਂ ਹੀ ਲੋਕਾਂ ਦੇ ਵੀਜ਼ੇ ਲਗਵਾ ਕੇ ਦੂਰ ਦੂਰੇਡੇ ਸ਼ਹਿਰਾਂ ਵਿੱਚ ਬਹੁਤ ਨਾਮ ਕਮਾ ਚੁੱਕੀ ਹੈ।ਸੰਸਥਾ ਨੇ ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਵਿਦਿਆਰਥਣ ਅਮਨਦੀਪ ਕੌਰ ਵਾਸੀ ਰੋਡੇ ਜ਼ਿਲ੍ਹਾ ਮੋਗਾ ਦਾ ਬਾਰਵੀ ਜਮਾਤ ਵਿੱਚੋਂ ਨੰਬਰ ਘੱਟ ਹੋਣ ਦੇ ਬਾਵਜੂਦ ਬਹੁਤ ਹੀ ਘੱਟ ਸਮੇਂ ਵਿੱਚ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਦਾ ਪੜ੍ਹਾਈ ਵਿੱਚ ਕੋਈ ਗੈਪ ਹੈ ਜਾਂ ਪੜ੍ਹਾਈ 'ਚ ਨੰਬਰ ਘੱਟ ਹਨ ਤਾਂ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ, ਸੰਸਥਾ ਵੱਲੋਂ ਬਹੁਤ ਹੀ ਚੰਗੇ ਢੰਗ ਨਾਲ ਫਾਈਲ ਤਿਆਰ ਕਰਕੇ ਵੀਜ਼ਾ ਅਪਲਾਈ ਕੀਤਾ ਜਾਂਦਾ ਹੈ।ਸੰਸਥਾ ਵੱਲੋਂ ਵਿਜ਼ਟਰ ਵੀਜ਼ਾ, ਸਪਾਊਸ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਤੇ ਸਟੱਡੀ ਵੀਜ਼ਾ ਆਦਿ ਲਗਵਾਏ ਜਾਂਦੇ ਹਨ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਜੀ ਨੇ ਵਿਦਿਆਰਥਣ ਨੂੰ ਵੀਜ਼ੇ ਦੀ ਕਾਪੀ ਸੌਂਪਦਿਆਂ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਜਥੇਬੰਦਕ ਆਗੂਆਂ 'ਤੇ ਦਰਜ ਕੇਸ ਤੁਰੰਤ ਰੱਦ ਕਰਨ ਦੀ ਮੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਬੀਤੇ 3 ਸਤੰਬਰ ਨੂੰ ਸਮੂਹ ਮੁਲਾਜ਼ਮ ਵਰਗ ਦੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਚੰਡੀਗੜ੍ਹ ਵਿਖੇ ਕੀਤੇ ਗਏ ਸ਼ਾਂਤਮਈ ਰੋਸ ਪ੍ਰਦਰਸ਼ਨ ਨੂੰ ਯੂ. ਟੀ. ਪ੍ਰਸ਼ਾਸਨ ਵੱਲੋਂ ਤਾਰਪੀਡੋ ਕਰਨ ਲਈ ਐਸੋਸੀਏਸ਼ਨ ਦੇ ਕਨਵੀਨਰਾਂ ਸਮੇਤ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ 'ਤੇ ਧਾਰਾ 173 ਬੀ. ਐੱਨ. ਐੱਸ. ਤਹਿਤ ਕੇਸ ਦਰਜ ਕੀਤਾ ਗਿਆ ਹੈ।ਡੈਮੋਕ੍ਰੇਟਿਕ ਟੀਚਰ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿੱਗ ਵਿਜੇਪਾਲ ਸ਼ਰਮਾ ਤੇ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ ਨੇ ਯੂ. ਟੀ. ਪ੍ਰਸ਼ਾਸਨ ਦੀ ਇਸ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਯੂ. ਟੀ. ਪ੍ਰਸ਼ਾਸਨ ਮੁਲਾਜ਼ਮਾਂ ਦੇ ਹੱਕੀ ਮਸਲਿਆਂ ਦੇ ਵਾਜਬ ਹੱਲ ਕਰਨ ਦੀ ਥਾਂ ਕੇਸ ਦਰਜ ਕਰਨ ਦੇ ਡਰਾਵੇ ਦੇ ਕੇ ਨਾਗਰਿਕਾਂ ਦੇ ਮੁੱਢਲੇ ਸੰਵਿਧਾਨਕ ਅਧਿਕਾਰਾਂ ਦੀ ਘੋਰ ਉਲੰਘਣਾ ਕਰ ਰਿਹਾ ਹੈ।ਸੂਬਾ ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਸੂਬਾ ਪ੍ਰੈੱਸ ਸਕੱਤਰ ਲਖਵੀਰ ਸਿੰਘ ਹਰੀਕੇ ਨੇ ਇਸ ਧੱਕੇਸ਼ਾਹੀ ਭਰਪੂਰ ਕਾਰਵਾਈ ਦੀ ਨਿੰਦਾ ਕਰਦਿਆਂ ਕਿਹਾ ਕਿ ਇਸ ਮਾਮਲੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਕਥਿਤ ਤੌਰ 'ਤੇ ਦੋਸ਼ੀ ਬਣਦੇ ਹਨ, ਜਿਹੜੇ ਵਾਰ ਵਾਰ ਮੁਲਾਜ਼ਮਾਂ ਨਾਲ ਮੀਟਿੰਗ ਕਰਨ ਤੋਂ ਭੱਜ ਰਹੇ ਹਨ।ਸੂਬਾ ਵਿੱਤ ਸਕੱਤਰ ਜਸਵਿੰਦਰ ਗੋਨੇਆਣਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਹਕੂਮਤ ਵੱਲੋਂ ਪੁਲਸ ਕਾਨੂੰਨਾਂ ਵਿੱਚ ਲੋਕ ਵਿਰੋਧੀ ਸੋਧਾਂ ਕਰਕੇ, ਇਨ੍ਹਾਂ ਕਾਨੂੰਨਾਂ ਨੂੰ ਸੰਘਰਸ਼ਸ਼ੀਲ ਲੋਕਾਂ ਤੇ ਜਬਰੀ ਮੜ੍ਹ ਕੇ ਉਨ੍ਹਾਂ ਨੂੰ ਡਰਾਉਣ ਤੇ ਸੰਘਰਸ਼ਾਂ ਨੂੰ ਆਗੂ ਰਹਿਤ ਕਰਨ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਆਗੂਆਂ ਨੇ ਮੰਗ ਕੀਤੀ ਕਿ ਇੱਕ ਏ. ਐੱਸ.ਆਈ. ਦੀ ਝੂਠੀ ਸ਼ਿਕਾਇਤ ਨੂੰ ਆਧਾਰ ਬਣਾ ਕੇ ਗ਼ਲਤ ਢੰਗ ਨਾਲ ਦਰਜ ਕੀਤੀ ਐੱਫ. ਆਈ. ਆਰ. ਤੁਰੰਤ ਰੱਦ ਕੀਤੀ ਜਾਵੇ।ਇਸ ਸਮੇਂ ਸੂਬਾਈ ਆਗੂ ਰੇਸ਼ਮ ਸਿੰਘ ਖੇਮੂਆਣਾ, ਸੁਖਪਾਲ ਜੀਤ ਸਿੰਘ ਮੋਗਾ, ਬਲਜੀਤ ਸਮਰਾਲਾ, ਬਲਰਾਮ ਜ਼ੀਰਾ, ਕਰਮਜੀਤ ਤਾਮਕੋਟ, ਜਗਵਿੰਦਰ ਸਿੰਘ, ਹਰਜੀਤ ਸੁਧਾਰ, ਚਰਨਜੀਤ ਕਪੂਰਥਲਾ, ਤਲਵਿੰਦਰ ਖਰੌੜ, ਸੁਖਵਿੰਦਰ ਸੁੱਖੀ ਫਰੀਦਕੋਟ, ਸ਼ਬੀਰ ਖ਼ਾਨ, ਸੁਖਵਿੰਦਰਪ੍ਰੀਤ ਸਿੰਘ, ਦਾਤਾ ਸਿੰਘ ਨਮੋਲ, ਮੈਡਮ ਜਗਵੀਰਨ ਕੌਰ, ਗਗਨ ਪਾਹਵਾ ਆਦਿ ਹਾਜ਼ਰ ਸਨ।

ਤੇਲ ਕੀਮਤਾਂ 'ਚ ਵਾਧੇ ਨੇ ਮਾਨ ਸਰਕਾਰ ਦਾ ਅਸਲੀ ਚਿਹਰਾ ਬੇਨਕਾਬ ਕੀਤਾ : ਲਿਬਰੇਸ਼ਨ

■ ਕਾਮਰੇਡ ਸਵਪਨ ਮੁਕਰਜੀ ਨੂੰ ਬਰਸੀ ਮੌਕੇ ਸ਼ਰਧਾਂਜਲੀ

ਮਾਨਸਾ (ਆਤਮਾ ਸਿੰਘ ਪਮਾਰ)-ਬਾਬਾ ਬੂਝਾ ਸਿੰਘ ਭਵਨ ਮਾਨਸਾ ਵਿਖੇ ਸੀਪੀਆਈ (ਐੱਮ.ਐੱਲ.) ਲਿਬਰੇਸ਼ਨ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਪੰਜਾਬ ਅੰਦਰ ਪਾਰਟੀ ਨੂੰ ਸਥਾਪਤ ਕਰਨ ਵਾਲੇ ਪਾਰਟੀ ਦੇ ਪੋਲਿਟ ਬਿਊਰੋ ਮੈਂਬਰ ਕਾਮਰੇਡ ਸਵਪਨ ਮੁਕਰਜੀ ਦੀ ਬਰਸੀ ਮੌਕੇ ਸ਼ਰਧਾਂਜਲੀ ਭੇਟ ਕੀਤੀ ਗਈ।ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾ. ਰਾਜਵਿੰਦਰ ਸਿੰਘ ਰਾਣਾ ਤੇ ਮਾਨਸਾ ਦੇ ਕਾਰਜਕਾਰੀ ਸਕੱਤਰ ਕਾ. ਵਿਜੈ ਕੁਮਾਰ ਭੀਖੀ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਮਾਨ ਸਰਕਾਰ ਪੰਜਾਬ ਦੇ ਲੋਕਾਂ ਨਾਲ ਜਿਹੜੇ ਵਾਅਦਿਆਂ ਕਰਕੇ ਸੱਤਾ ਵਿੱਚ ਆਈ ਸੀ, ਅੱਜ ਮਾਨ ਸਰਕਾਰ ਉਨ੍ਹਾਂ ਵਾਅਦਿਆਂ ਨੂੰ ਪੂਰਾ ਨਹੀਂ ਕਰ ਸਕੀ।ਪੰਜਾਬ ਵਿੱਚ ਬੇਰੁਜ਼ਗਾਰੀ, ਨਸ਼ਿਆਂ ਦੇ ਵਪਾਰ, ਮਾੜੀ ਕਾਨੂੰਨ ਵਿਵਸਥਾ ਦੇ ਨਾਲ ਨਾਲ ਮੋਦੀ ਸਰਕਾਰ ਵਾਂਗ ਝੂਠੇ ਅੰਕੜੇ, ਜੁਮਲੇ ਸਹਿਤ ਬੇਇਨਸਾਫੀਆਂ ਖ਼ਿਲਾਫ਼ ਉਠਦੀਆਂ ਅਵਾਜ਼ਾਂ ਨੂੰ ਦਬਾਉਣ ਲਈ ਲੋਕ ਵਿਰੋਧੀ ਕਾਨੂੰਨਾਂ ਦੀ ਵਰਤੋਂ ਕਾਰਨ ਮਾਨ ਸਰਕਾਰ ਦਾ ਲੋਕ ਵਿਰੋਧੀ ਚਿਹਰੇ ਨੂੰ ਬੇਨਕਾਬ ਹੋ ਗਿਆ ਹੈ।ਹੁਣ ਮਾਨ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਉੱਪਰ 3000 ਕਰੋੜ ਦੇ ਵਾਧੂ ਟੈਕਸਾਂ ਦਾ ਭਾਰ ਪਾ ਦਿੱਤਾ ਹੈ, ਜਿਸ ਦੇ ਖ਼ਿਲਾਫ਼ 9 ਸਤੰਬਰ ਨੂੰ ਇਹ ਟੈਕਸ ਵਾਪਸ ਲੈਣ ਦੀ ਮੰਗ ਨੂੰ ਲੈ ਕੇ ਪਾਰਟੀ ਸਾਰੇ ਪੰਜਾਬ ਵਿੱਚ ਰੋਸ ਵਿਖਾਵੇ ਕਰੇਗੀ ਅਤੇ 14 ਤੇ 16 ਸਤੰਬਰ ਨੂੰ ਸਰਦੂਲਗੜ੍ਹ ਤੇ ਮਾਨਸਾ ਹਲਕਾ ਦੇ ਵਿਧਾਇਕਾਂ ਦੇ ਦਫ਼ਤਰਾਂ ਅੱਗੇ ਹਮਖਿਆਲੀ ਖੱਬੀ ਪਾਰਟੀ ਆਰ ਐੱਮ ਪੀ ਆਈ ਨਾਲ ਮਿਲ ਕੇ ਰੋਸ ਪ੍ਰਦਰਸ਼ਨ ਕਰੇਗੀ।ਮੀਟਿੰਗ ਵਿ

9-Set-PAGE-11-Majha-24.qxd 9/8/2024 9:53 PM Page 1

ਕੇਂਦਰ ਸਰਕਾਰ ਸੇਵਾਮੁਕਤ ਜਵਾਨਾਂ ਦਾ ਇੱਕ ਰੈਂਕ, ਇਕ ਪੈਨਸ਼ਨ ਤੇ ਹੱਕੀ ਮੰਗਾਂ ਬਾਬਤ ਸਬਰ ਨਾ ਪਰਖੇ: ਖਤਰਾਏ ਕਲਾਂ

ਨੀਮ ਫੌਜੀ ਦਲਾਂ ਦੇ ਵੀਰਗਤੀ ਪ੍ਰਾਪਤ ਜਵਾਨਾਂ ਨੂੰ ਸ਼ਹੀਦ ਦਾ ਦਰਜਾ ਤੇ ਅਗਨੀਵੀਰਾਂ ਨੂੰ ਰੈਗੂਲਰ ਕਰਨ ਦੀ ਮੰਗ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਬੀਐੱਸਐੱਫ ਐਕਸ ਸਰਵਿਸਮੈਨ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਪ੍ਰਧਾਨ ਕਸ਼ਮੀਰ ਸਿੰਘ ਖਤਰਾਏ ਕਲਾਂ ਤੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਜਸਵੰਤ ਸਿੰਘ ਫਤਿਹਗੜ੍ਹ ਚੂੜੀਆਂ ਦੀ ਅਗਵਾਈ ਅਤੇ ਸੂਬਾ ਜਨਰਲ ਸਕੱਤਰ ਇਕਬਾਲ ਸਿੰਘ ਦੀ ਸਾਂਝੀ ਸਰਪ੍ਰਸਤੀ 'ਚ ਕਰਵਾਏ ਗਏ ਦੋਹਾਂ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲਿਆਂ ਦੇ ਇਥੇ ਸਾਂਝੇ ਜਥੇਬੰਦਕ ਇਜਲਾਸ ਦੀ ਪ੍ਰਧਾਨਗੀ ਟੀ. ਪੀ. ਸਿੰਘ ਵਿਛੋਆ, ਅਜੀਤ ਸਿੰਘ, ਸ਼ਾਮ ਸਿੰਘ, ਕਸ਼ਮੀਰ ਸਿੰਘ ਖਤਰਾਏ ਜ਼ਿਲਾ ਅੰਮ੍ਰਿਤਸਰ ਤੇ ਗੁਰਬਖਸ਼ ਸਿੰਘ , ਭਗਵਾਨ ਸਿੰਘ, ਭਗਵੰਤ ਸਿੰਘ ਤੇ ਹਰਦਿਆਲ ਸਿੰਘ ਤਿੰਨੇ ਗੁਰਦਾਸਪੁਰ ਤੋਂ ਇਲਾਵਾ ਵੀਰ ਨਾਰੀਆਂ ਗੀਟਾ ਰਾਣੀ, ਜੋਗਿੰਦਰ ਕੌਰ, ਕਸ਼ਮੀਰ ਕੌਰ, ਬਲਵਿੰਦਰ ਕੌਰ, ਸਵਿੰਦਰ ਕੌਰ, ਭੋਲੀ ਤੇ ਦਵਿੰਦਰ ਕੌਰ @ਤੇ ਅਧਾਰਿਤ ਪ੍ਰਧਾਨਗੀ ਮੰਡਲ ਵੱਲੋਂ ਸਾਂਝੇ ਤੌਰ ਤੇ ਕੀਤੀ ਗਈ। ਇਜਲਾਸ ਦੇ ਆਗਾਜ਼ 'ਤੇ ਜ਼ਿਲ੍ਹਾ ਪ੍ਰਧਾਨ ਕਸ਼ਮੀਰ ਸਿੰਘ ਖਤਰਾਏ ਕਲਾਂ ਸਣੇ ਉਕਤ ਆਗੂਆਂ ਵੱਲੋਂ ਇਕ ਰੈਂਕ, ਇਕ ਪੈਨਸ਼ਨ, ਮੈਡੀਕਲ ਭੱਤੇ 'ਚ ਵਾਧਾ ਕਰਕੇ 3000 ਰੁਪਏ ਪ੍ਰਤੀ ਮਹੀਨਾ ਕਰਨ, 18 ਮਹੀਨੇ ਦਾ ਬਕਾਇਆ ਡੀਏ ਜਾਰੀ ਕਰਨ, ਕੌਮਾਂਤਰੀ ਸਰਹੱਦ ਜਾਂ ਅੰਦਰੂਨੀ ਗੜਬੜ ਵਾਲੇ ਖੇਤਰਾਂ 'ਚ ਡਿਊਟੀ ਦੌਰਾਨ ਸ਼ਹੀਦ ਹੋਣ ਵਾਲੇ ਬੀਐੱਸਐੱਫ ਜਵਾਨਾਂ ਨੂੰ ਫੌਜ ਦੀ ਤਰਜ਼ ਤੇ ਸ਼ਹੀਦ ਦਾ ਦਰਜਾ ਦਿੱਤੇ ਜਾਣ, ਸੇਵਾ ਮੁਕਤ ਜਵਾਨਾਂ ਦੇ ਮਰਨ ਉਪਰੰਤ ਅੰਤਿਮ ਰਸਮਾਂ ਲਈ ਅਤਿ ਦੀ ਮਹਿੰਗਾਈ 'ਚ ਦਿੱਤੀ ਜਾਂਦੀ ਰਾਸ਼ੀ ਨੂੰ ਵਧਾ ਕੇ 20 ਹਜਾਰ ਰੁਪਏ ਕਰਨ ਅਤੇ ਬੀਐੱਸਐੱਫ ਜਵਾਨਾਂ ਨੂੰ ਵੀ ਆਰਮੀ ਦੀ ਤਰਜ ਤੇ ਹੋਰ ਸਹੂਲਤਾਂ ਦੇਣ, ਵਿਧਵਾ ਵੀਰ ਨਾਰੀਆਂ ਨੂੰ ਆਸ਼ਰਿਤ ਤੌਰ ਤੇ ਸਮੂਹ ਸਰਕਾਰੀ ਸਕੀਮਾਂ ਦਾ ਲਾਭ ਦੇਣ ਲਈ ਪੇਸ਼ ਕੀਤੇ ਗਏ ਮਤਿਆਂ ਨੂੰ ਜੋਸ਼ ਭਰੇ ਨਾਅਰਿਆਂ ਦੀ ਗੂੰਜ 'ਚ ਸਰੂਸੰਮਤੀ ਨਾਲ ਪਾਸ ਕੀਤਾ ਗਿਆ ਅਤੇ ਕੇਂਦਰ ਸਰਕਾਰ ਤੇ ਇਹਨਾਂ ਹੱਕੀ ਮੰਗਾਂ ਦੀ ਪੂਰਤੀ ਲਈ ਦਬਾਅ ਵਧਾਉਂਦਿਆਂ ਚਿਤਾਵਨੀ ਦਿੱਤੀ ਗਈ ਕਿ ਸਾਡੇ ਸਬਰ ਨੂੰ ਨਾ ਪਰਖਿਆ ਜਾਵੇ।ਜੇਕਰ ਮੰਗਾਂ ਦੀ ਪੂਰਤੀ ਨਾ ਕੀਤੀ ਗਈ ਤਾਂ ਸੇਵਾ ਮੁਕਤ ਸੁਰੱਖਿਆ ਮੁਲਾਜ਼ਮ ਸਰਕਾਰ ਵਿਰੁੱਧ ਸੜਕਾਂ ਤੇ ਉਤਰਨ ਲਈ ਮਜ਼ਬੂਰ ਹੋਣਗੇ। ਇਜਲਾਸ 'ਚ ਇਹ ਵੀ ਮੰਗ ਜ਼ੋਰਦਾਰ ਪ੍ਰਮੁੱਖਤਾ ਨਾਲ ਉਠਾਈ ਗਈ ਕਿ ਭਾਰਤੀ ਹੋਏ ਅਗਨੀਵੀਰਾਂ ਨੂੰ ਰੈਗੂਲਰ ਕੀਤਾ ਜਾਵੇ ਅਤੇ ਅੱਗੇ ਤੋਂ ਫੌਜ 'ਚ ਪੱਕੀ ਭਰਤੀ ਹੋਵੇ।ਹੋਰਨਾਂ ਤੋਂ ਇਲਾਵਾ ਇੰਸਪੈਕਟਰ ਮਹਿੰਦਰ ਸਿੰਘ, ਕਿਸ਼ਨ ਸਿੰਘ , ਗੁਰਨਾਮ ਸਿੰਘ ਰਾਣੇਵਾਲੀ, ਸੋਹਣ ਸਿੰਘ ਆਦਿ ਆਗੂਆਂ ਨੇ ਵੀ ਜਥੇਬੰਦੀ ਨੂੰ ਮਜ਼ਬੂਤ ਕਰਨ ਤੇ ਨਵੇਂ ਮੈਂਬਰ ਬਣਾਉਣ ਲਈ ਆਪਣੇ ਵਿਚਾਰ ਪ੍ਰਗਟ ਕੀਤੇ।

'ਇੱਕ ਦਹਾਕੇ ਤੋਂ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਮੋਹਾਲੀ'

ਅੰਮ੍ਰਿਤਸਰ: ਪੰਜਾਬ ਦੇ ਸਭ ਤੋਂ ਤੇਜ਼ੀ ਨਾਲ ਵਿਕਾਸ ਕਰ ਰਹੇ ਸ਼ਹਿਰਾਂ ਵਿੱਚੋਂ ਇੱਕ ਮੋਹਾਲੀ ਪਿਛਲੇ ਇੱਕ ਦਹਾਕੇ ਤੋਂ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਹੈ। 200,000 ਤੋਂ ਵੱਧ ਲੋਕਾਂ ਦੀ ਆਬਾਦੀ ਦੇ ਨਾਲ, ਸ਼ਹਿਰ ਵਿੱਚ ਪਾਣੀ ਦੀ ਮੰਗ ਲਗਭਗ 30 ਪ੍ਰਤੀਸ਼ਤ ਵਧ ਗਈ ਹੈ, ਜਿਸ ਨਾਲ ਪਾਣੀ ਦੇ ਸਰੋਤਾਂ 'ਤੇ ਦਬਾਅ ਹੋਰ ਵੱਧ ਗਿਆ ਹੈ।ਪਾਣੀ ਦੀ ਸੁਰੱਖਿਆ ਅਤੇ ਵਾਤਾਵਰਣ ਦੀ ਸੰਭਾਲ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਵਿੱਚ, ਗੋਦਰੇਜ ਐਂਟਰਪ੍ਰਾਈਜ਼ਿਜ਼ ਗਰੁੱਪ ਦੇ ਹਿੱਸੇ ਗੋਦਰੇਜ ਐਂਡ ਬੋਇਸ ਨੇ ਆਪਣੀ ਸੀਐੱਸਆਰ ਪਹਿਲਕਦਮੀ ਦੇ ਹਿੱਸੇ ਵਜੋਂ, ਮੋਹਾਲੀ ਦੇ ਚੁੰਨੀ ਕਲਾਂ ਪਿੰਡ ਵਿੱਚ 4 ਏਕੜ ਦੇ ਤਲਾਅ ਦੀ ਬਹਾਲੀ ਦਾ ਉਦਘਾਟਨ ਕੀਤਾ। ਇਹ ਪ੍ਰੋਜੈਕਟ ਟਿਕਾਊ ਵਿਕਾਸ ਨੂੰ ਚਲਾਉਣ ਅਤੇ ਸਥਾਨਕ ਭਾਈਚਾਰਿਆਂ ਤੇ ਸਕਾਰਾਤਮਕ ਪ੍ਰਭਾਵ ਪੈਦਾ ਕਰਨ ਲਈ ਕੰਪਨੀ ਦੀ ਵਚਨਬੱਧਤਾ ਵਿੱਚ ਇੱਕ ਪ੍ਰਮੁੱਖ ਮੀਲ ਪੱਥਰ ਹੈ।ਇਨ੍ਹਾਂ ਯਤਨਾਂ ਦੇ ਨਤੀਜੇ ਵਜੋਂ, ਤਾਲਾਬ ਦੀ ਪਾਣੀ ਰੱਖਣ ਦੀ ਸਮਰੱਥਾ ਲਗਭਗ 350 ਲੱਖ ਲੀਟਰ ਹੋ ਗਈ ਹੈ।ਇਸ ਨਾਲ 400 ਤੋਂ ਵੱਧ ਪਰਿਵਾਰਾਂ ਨੂੰ ਲਾਭ ਮਿਲੇਗਾ ਅਤੇ 100 ਏਕੜ ਤੋਂ ਵੱਧ ਵਾਹੀਯੋਗ ਜ਼ਮੀਨ ਦੀ ਸਿੰਚਾਈ ਵਿੱਚ ਮਦਦ ਮਿਲੇਗੀ।ਘਰੇਲੂ ਅਤੇ ਖੇਤੀਬਾੜੀ ਲੋੜਾਂ ਨੂੰ ਪੂਰਾ ਕਰਕੇ, ਇਹ ਪ੍ਰੋਜੈਕਟ ਕਮਿਊਨਿਟੀ ਦੇ ਮੈਂਬਰਾਂ ਦੀ ਰੋਜ਼ੀ-ਰੋਟੀ ਵਿੱਚ ਸੁਧਾਰ ਕਰੇਗਾ ਅਤੇ ਖੇਤਰ ਵਿੱਚ ਵਾਤਾਵਰਣ ਦੀ ਸੰਭਾਲ ਵਿੱਚ ਵੀ ਯੋਗਦਾਨ ਪਾਵੇਗਾ।

ਬਹਿਲ ਨੇ ਗੁਰਦਾਸਪੁਰ ਸ਼ਹਿਰ 'ਚ ਵਾਪਰ ਰਹੀਆਂ ਅਗਜ਼ਨੀ ਦੀਆਂ ਘਟਨਾਵਾਂ ਦਾ ਲਿਆ ਨੋਟਿਸ

* ਘਟਨਾਵਾਂ ਨੂੰ ਰੋਕਣ ਲਈ ਪਾਵਰਕਾਮ ਵਲੋਂ ਬਦਲੀਆਂ ਜਾਣਗੀਆਂ ਬਾਜ਼ਾਰਾਂ 'ਚ ਬਿਜਲੀ ਦੀਆਂ ਤਾਰਾਂ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਸ਼ਹਿਰ ਵਿੱਚ ਵਾਪਰ ਰਹੀਆਂ ਦੁਕਾਨਾਂ 'ਚ ਅੱਗਜ਼ਨੀ ਦੀਆਂ ਘਟਨਾਵਾਂ ਰੋਕਣ ਲਈ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਵਪਾਰੀਆਂ ਦੀ ਬਾਂਹ ਫੜੀ ਹੈ ਅਤੇ ਸ਼ਹਿਰ ਦੇ ਵਪਾਰੀਆਂ ਦੀ ਪਾਵਰਕਾਮ ਦੇ ਅਧਿਕਾਰੀਆਂ ਨਾਲ ਬੈਠਕ ਕਰਵਾ ਕੇ ਬਾਜ਼ਾਰਾਂ ਦੀਆਂ ਸਾਰੀਆਂ ਪੁਰਾਣੀਆਂ ਬਿਜਲੀ ਦੀਆਂ ਤਾਰਾਂ ਬਦਲਣ ਲਈ ਵਿਉਂਤਬੰਦੀ ਤਿਆਰ ਕਰਵਾ ਦਿੱਤੀ।ਆਮ ਆਦਮੀ ਪਾਰਟੀ ਨਾਲ ਸੰਬੰਧਿਤ ਵਪਾਰ ਮੰਡਲ ਦੇ ਚੇਅਰਮੈਨ ਰਘਬੀਰ ਸਿੰਘ ਖਾਲਸਾ ਅਤੇ ਪ੍ਰਧਾਨ ਅਸ਼ੋਕ ਮਹਾਜਨ ਦੀ ਪ੍ਰਧਾਨਗੀ ਹੇਠ ਸ਼ਹਿਰ ਦੇ ਵਪਾਰੀਆਂ ਦਾ ਇੱਕ ਵਫਦ ਬੇਲੀ ਬੋਰਡ ਦੇ ਅਧਿਕਾਰੀ ਐਕਸੀਐਨ ਜਸਵਿੰਦਰ ਵਿਰਦੀ ਨੂੰ ਮਿਲਿਆ।ਇਸ ਮੌਕੇ ਰਮਨ ਬਹਿਲ ਵੀ ਵਪਾਰੀਆ ਦੇ ਨਾਲ ਹਾਜ਼ਰ ਸਨ।ਜਦਕਿ ਪਾਵਰਕੌਮ ਦੇ ਐਸਡੀਓ ਹਰੀਦੇਪਾਲ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਕੇ ਤੇ ਮੱਜੂਦ ਸਨ। ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਗੁਰਦਾਸਪੁਰ ਸ਼ਹਿਰ ਅੰਦਰ ਸ਼ਾਰਟ ਸਰਕਟ ਹੋਣ ਨਾਲ ਦੁਕਾਨਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ, ਜੋ ਬਹੁਤ ਚਿੰਤਾ ਦਾ ਵਿਸ਼ਾ ਹੈ।ਉਨ੍ਹਾਂ ਕਿਹਾ ਕਿ ਦੁਕਾਨਦਾਰ ਭਰਾ, ਜੋ ਹੱਢ ਭੰਨਵੀਂ ਮਿਹਨਤ ਨਾਲ ਆਪਣਾ ਗੁਜ਼ਾਰਾ ਕਰਦੇ ਹਨ। ਇਸ ਤਰ੍ਹਾਂ ਦੀਆਂ ਮੰਦਭਾਗੀ ਘਟਨਾਵਾਂ ਵਾਪਰਨ ਨਾਲ ਉਨ੍ਹਾਂ ਦਾ ਬਹੁਤ ਆਰਥਿਕ ਨੁਕਸਾਨ ਹੁੰਦਾ ਹੈ ਅਤੇ ਦੁਕਾਨਦਾਰਾਂ ਨੂੰ ਮੁੜ ਆਪਣੇ ਪੈਰਾਂ ਤੇ ਖੜੇ ਹੋਣ ਲਈ ਕਈ ਕਈ ਸਾਲ ਲੱਗ ਜਾਂਦੇ ਹਨ। ਇਸ ਲਈ ਪਾਵਰਕਾਮ ਵਿਭਾਗ ਨੂੰ ਵਿਸ਼ੇਸ਼ ਰਣਨੀਤੀ ਉਲੀਕ ਕੇ ਇਸ ਸਮੱਸਿਆ ਦਾ ਜਲਦ ਹੱਲ ਕੱਢਣਾ ਚਾਹੀਦਾ ਹੈ। ਇਸ ਮੌਕੇ ਸ਼ ?ਹਿਰ ਦੇ ਵਪਾਰੀਆਂ ਨੇ ਦੱਸਿਆ ਕਿ ਪਿਛਲੇ 25 ਸਾਲਾਂ ਤੋਂ ਪਾਵਰਕਾਮ ਵੱਲੋਂ ਬਾਜ਼ਾਰ ਵਿੱਚ ਬੇਤਰਤੀਬ ਢੰਗ ਨਾਲ ਵਿਛਾਇਆ ਗਿਆ ਤਾਰਾਂ ਦਾ ਜਾਲ ਦੁਕਾਨਦਾਰਾਂ ਲਈ ਸਮੱਸਿਆ ਦਾ ਕਾਰਨ ਬਣਿਆ ਹੋਇਆ ਹੈ। ਅਕਸਰ ਇਹਨਾਂ ਤਾਰਾਂ ਵਿੱਚੋਂ ਸਪਾਰਕਿੰਗ ਹੁੰਦੀ ਰਹਿੰਦੀ ਹੈ ਤੇ 11 ਦੁਕਾਨਾਂ ਅੱਗਜਨੀ ਦੀ ਚਪੇਟ ਵਿੱਚ ਆ ਕੇ ਪੂਰੀ ਤਰ੍ਹਾਂ ਸਵਾਹ ਹੋ ਚੁੱਕੀਆਂ ਹਨ, ਜਿਸ ਨਾਲ ਦੁਕਾਨਦਾਰਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਇਸ ਲਈ ਉਨ੍ਹਾਂ ਵੱਲੋਂ ਜਦੋਂ ਇਹ ਮਸਲਾ ਚੇਅਰਮੈਨ ਰਮਨ ਬਹਿਲ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਉਹਨਾਂ ਨੇ ਬਿਜਲੀ ਬੋਰਡ ਦੇ ਉੱਚ ਅਧਿਕਾਰੀਆਂ ਨਾਲ ਵਪਾਰੀਆਂ ਦੀ ਮੀਟਿੰਗ ਕਰਵਾਈ ਹੈ ਜਿਸ ਦੇ ਲਈ ਉਹ ਰਮਨ ਬਹਿਲ ਦੇ ਧੰਨਵਾਦੀ ਹਨ। ਉਹਨਾਂ ਦੱਸਿਆ ਕਿ ਜਲਦੀ ਹੀ ਤਾਰਾ ਬਦਲਣ ਦਾ ਕੰਮ ਪਾਵਰਕੌਮ ਵੱਲੋਂ ਸ਼ੁਰੂ ਕੀਤਾ ਜਾ ਰਿਹਾ ਹੈ । ਪਾਵਰਕੌਮ ਦੇ ਐਕਸ ਈ ਐਨ ਜਸਵਿੰਦਰ ਵਿਰਦੀ ਨੇ ਦੱਸਿਆ ਕਿ ਚੇਅਰਮੈਨ ਰਮਨ ਬਹਿਲ ਵੱਲੋਂ ਮਿਲੀਆਂ ਹਿਦਾਇਤਾਂ ਅਨੁਸਾਰ ਜਿਨਾਂ ਇਲਾਕਿਆਂ ਦੇ ਐਸਟੀਮੇਟ ਬਣ ਚੁੱਕੇ ਹਨ ਉਹਨਾਂ ਵਿੱਚ ਇੱਕ ਦੋ ਦਿਨ ਵਿੱਚ ਹੀ ਬਾਜ਼ਾਰਾਂ ਦੀਆਂ ਤਾਰਾਂ ਬਦਲਣ ਦਾ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ ਜਿਨਾਂ ਇਲਾਕਿਆਂ ਦੇ ਐਸਟੀਮੈਂਟ ਹਜੇ ਨਹੀਂ ਬਣੇ ਉੱਥੇ ਵੀ ਨਾਲ ਨਾਲ ਐਸਟੀਮੇਟ ਬਣਾ ਕੇ ਜਲਦੀ ਹੀ ਤਾਰਾਂ ਬਦਲ ਦਿੱਤੀਆਂ ਜਾਣਗੀਆਂ।

ਮਾਨ ਸਰਕਾਰ ਦੇ ਉਪਰਾਲਿਆਂ ਨੇ ਘਰ-ਘਰ ਖਿਡਾਰੀ ਪੈਦਾ ਕੀਤੇ: ਸ਼ਮਸ਼ੇਰ ਸਿੰਘ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਪੰਜਾਬ ਸਰਕਾਰ ਦੇ ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2024 ਦੇ ਤਹਿਤ ਪਿੰਡ ਝਬਕਰਾ ਵਿਖੇ ਦੋਰਾਂਗਲਾ ਬਲਾਕ ਦੀਆਂ ਤੀਜੇ ਸੀਜ਼ਨ ਦੀਆਂ ਖੇਡਾਂ ਕਰਵਾਈਆਂ ਗਈਆਂ। ਸੀਨੀਅਰ ਸੈਕੰਡਰੀ ਸਕੂਲ ਝਬਕਰਾ ਵਿਖੇ ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਖੇਡ ਵਿਭਾਗ ਗੁਰਦਾਸਪੁਰ ਦੇ ਪ੍ਰਬੰਧਾਂ ਹੇਠ ਕਰਵਾਏ ਗਏ ਬਲਾਕ ਪੱਧਰੀ ਟੂਰਨਾਮੈਂਟ ਸੀਜ਼ਨ 3 ਵਿੱਚ ਵੱਖ-ਵੱਖ ਪਿੰਡਾਂ, ਕਲੱਬਾਂ ਅਤੇ ਸਕੂਲਾਂ ਕਾਲਜਾਂ ਦੇ ਵੱਡੀ ਗਿਣਤੀ ਵਿੱਚ ਖਿਡਾਰੀਆਂ ਨੇ ਭਾਗ ਲਿਆ, ਜ਼ਿਨ੍ਹਾਂ ਦੇ ਅਥਲੈਟਿਕਸ, ਖੋਹ ਖੋਹ, ਵਾਲੀਬਾਲ ਸ਼ੂਟਿੰਗ ਤੇ ਸਮੈਸਿੰਗ, ਕਬੱਡੀ ਅਤੇ ਸਰਕਲ ਤੇ ਨੈਸ਼ਨਲ ਸਟਾਈਲ ਫੁੱਟਬਾਲ ਦੇ ਮੁਕਾਬਲੇ ਕਰਵਾਏ ਗਏ।ਇਸ ਮੌਕੇ ਉਚੇਚੇ ਤੌਰ 'ਤੇ ਹਾਜ਼ਰ ਹੋਏ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਅਤੇ ਉਨ੍ਹਾਂ ਨੂੰ ਖੇਡਾਂ ਲਈ ਉਤਸ਼ਾਹਿਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਦਾ ਇਹ ਸ਼ਾਨਦਾਰ ਉਪਰਾਲਾ ਹੈ।ਖੇਡਾਂ ਵਤਨ ਪੰਜਾਬ ਦੀਆਂ ਨੇ ਨੌਜਵਾਨਾਂ ਅੰਦਰ ਉਤਸ਼ਾਹ ਪੈਦਾ ਕੀਤਾ ਹੈ, ਜਿਸ ਸਦਕਾ ਅੱਜ ਸਾਡੇ ਨੌਜਵਾਨ ਨਸ਼ਿਆਂ ਨੂੰ ਛੱਡ ਕੇ ਖੇਡਾਂ ਨਾਲ ਜੁੜ ਰਹੇ ਹਨ ਅਤੇ ਘਰ-ਘਰ ਖਿਡਾਰੀ ਪੈਦਾ ਹੋ ਰਹੇ ਹਨ।ਉਨ੍ਹਾਂ ਨੌਜਵਾਨ ਖਿਡਾਰੀਆਂ ਨੂੰ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਉਹ ਖੇਡਾਂ ਵਿੱਚ ਪੰਜਾਬ ਦਾ ਨਾਂ ਅੰਤਰਰਾਸ਼ਟਰੀ ਪੱਧਰ 'ਤੇ ਚਮਕਾਉਣ ਵਿੱਚ ਯੋਗਦਾਨ ਦੇਣ। ਇਸ ਮੌਕੇ ਤੇ ਸਕੂਲ ਪ੍ਰਿੰ. ਰਜੇਸ਼ ਸੈਣੀ, ਖੇਡ ਸੰਚਾਲਕ ਲੈਕਚਰਾਰ ਵਿਜੇ ਕਮਾਰ, ਪੀਟੀ ਮਾਸਟਰ ਕਰਮਜੀਤ ਸਿੰਘ, ਰਿਟਾ. ਪ੍ਰਿੰ. ਸੰਸਾਰ ਸਿੰਘ, ਮੋਨੂੰ ਝਬਕਰਾ, ਹਰਪਾਲ ਸਿੰਘ ਜੋਗਰ, ਪੰਕਜ ਬਹਿਰਾਮਪੁਰ, ਮਨਦੀਪ ਸਿੰਘ ਸ਼ਮਸ਼ੇਰਪੁਰ, ਸਿਕੰਦਰ ਸਿੰਘ, ਸਰਵਣ ਕੁਮਾਰ, ਜੋਧ ਰਾਜ ਸਰਪੰਚ, ਜਗੀਰ ਸਿੰਘ ਚੰਡੀਗੜ੍ਹ , ਗੁਰਨਾਮ ਸਿੰਘ ਅਤੇ ਅਨੂੰ ਸ਼ਰਮਾ ਵੀ ਹਾਜ਼ਰ ਸਨ।

ਨਗਰ ਕੀਰਤਨ ਦਾ ਕਸਬਾ ਫਤਿਹਾਬਾਦ 'ਚ ਨਿੱਘਾ ਸਵਾਗਤ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਕਮੇਟੀ ਵੱਲੋਂ ਵੱਖ-ਵੱਖ ਸਥਾਨਾਂ ਤੋਂ ਸਜਾਏ ਜਾ ਰਹੇ ਨਗਰ ਕੀਰਤਨਾਂ ਦੀ ਲੜੀ ਤਹਿਤ ਗੁਰਦੁਆਰਾ ਪਾਤਸ਼ਾਹੀ ਪੰਜਵੀਂ ਚੋਹਲਾ ਸਾਹਿਬ ਤੋਂ ਸ੍ਰੀ ਗੋਇੰਦਵਾਲ ਸਾਹਿਬ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ। ਜਿਸ ਦਾ ਕਸਬਾ ਫਤਿਹਾਬਾਦ ਦੀ ਸੰਗਤ ਅਤੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਸੰਗਤਾਂ ਵਲੋਂ ਨਗਰ ਕੀਰਤਨ ਉਪਰ ਫੁੱਲਾਂ ਦੀ ਵਰਖਾ ਕੀਤੀ ਗਈ ਸੰਗਤਾਂ ਨੂੰ ਜਲ ਪਾਣੀ ਅਤੇ ਬਿਸਕੁਟ ਵਰਤਾਏ ਗਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਬਚਨ ਸਿੰਘ ਕਰਮੂਵਾਲਾ ਮੈਂਬਰ ਐੱਸਜੀਪੀਸੀ, ਪੰਥ ਪ੍ਰਸਿੱਧ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ,ਰਤਨ ਸਿੰਘ ਦਿਉਲ ਪ੍ਰਧਾਨ ਲੋਕਲ ਗੁਰਦੁਆਰਾ ਕਮੇਟੀ, ਸੰਤੋਖ ਸਿੰਘ ਫੇਰੂਮਾਨ, ਭੁਪਿੰਦਰ ਸਿੰਘ ਭਿੰਦਾ ਸਾਬਕਾ ਸਰਪੰਚ, ਭਾਈ ਸੁਖਵਿੰਦਰ ਸਿੰਘ ਲਾਲੀ, ਭਾਈ ਰਣਦੀਪ ਸਿੰਘ, ਹਰਪਾਲ ਸਿੰਘ, ਜਗਦੀਪ ਸਿੰਘ ਅਤੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੀ ਜ਼ਰੂਰੀ ਮੀਟਿੰਗ

ਵੇਰਕਾ (ਰਾਣਾ)-ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਸੂਬਾਈ ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸ਼ੀਪੁਰ) ਦੀ ਅਗਵਾਈ ਹੇਠ ਜ਼ਿਲਾ ਜਰਨਲ ਸਕੱਤਰ ਕ

9-SEP-PAGE-12.qxd 9/8/2024 9:54 PM Page 1

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਬਲਕਾਰ ਸਿੰਘ ਦੇ ਘਰ ਅੱਗੇ ਧਰਨਾ ਅੱਜ

ਫਿਲੌਰ (ਨਿਰਮਲ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਬ੍ਰਾਂਚ ਰਵਿਦਾਸਪੁਰਾ ਫਿਲੌਰ ਦੀ ਮੀਟਿੰਗ ਡਾਕਟਰ ਸੰਦੀਪ ਫਿਲੌਰ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਪਾਰਟੀ ਦੇ ਜਿਲ੍ਹਾ ਕਮੇਟੀ ਮੈਂਬਰ ਕਾਮਰੇਡ ਜਰਨੈਲ ਫਿਲੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਲੋਕਾਂ ਨਾਲ ਕੀਤੇ ਹੋਏ ਵਾਅਦੇ ਯਾਦ ਕਰਾਉਣ ਲਈ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਪੰਜਾਬ ਦੇ ਸਾਰੇ ਕੈਬਨਿਟ ਮੰਤਰੀਆਂ ਦੇ ਘਰਾਂ ਅੱਗੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਤੇ ਏਸ ਲੜੀ ਤਹਿਤ ਜ਼ਿਲ੍ਹਾ ਜਲੰਧਰ ਦੇ ਵਰਕਰਾਂ ਵੱਲੋਂ 9 ਸਤੰਬਰ ਨੂੰ ਕੈਬਨਿਟ ਮੰਤਰੀ ਬਲਕਾਰ ਸਿੰਘ ਦੇ ਘਰ ਸਾਹਮਣੇ ਧਰਨਾ ਪ੍ਰਦਰਸ਼ਨ ਕਰਕੇ ਵਾਅਦੇ ਯਾਦ ਕਰਾਏ ਜਾਣਗੇ।ਓਹਨਾ ਕਿਹਾ ਕਿ ਝੂਠੇ ਵਾਅਦੇ ਤੇ ਫ਼ੋਕੀ ਇਸ਼ਤਿਹਾਰਬਾਜ਼ੀ ਵਿਚ ਭਗਵੰਤ ਮਾਨ ਸਰਕਾਰ ਪਹਿਲੀਆਂ ਸਰਕਾਰਾਂ ਨੂੰ ਵੀ ਪਿੱਛੇ ਛੱਡਿਆ ਹੈ।ਓਹਨਾ ਕਿਹਾ ਕਿ ਪੰਜਾਬ ਸਰਕਾਰ ਬਣਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਸਿਹਤ, ਸਿੱਖਿਆ ਤੇ ਸਮਾਜਿਕ ਸੁਰੱਖਿਆ ਵਿੱਚ ਕ੍ਰਾਂਤੀ ਕਰਨ ਦੇ ਲੋਕਾਂ ਨਾਲ ਵਾਅਦੇ ਕੀਤੇ ਸਨ ਸਰਕਾਰ ਬਣਨ ਦੇ ਤਿੰਨ ਸਾਲ ਪੂਰੇ ਹੋਣ ਜਾ ਰਹੇ ਹਨ ਪਰ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ।ਇਸ ਮੌਕੇ ਮਾਸਟਰ ਹੰਸ ਰਾਜ ਤੇ ਨੌਜਾਵਨ ਆਗੂ ਪਰਸ਼ੋਤਮ ਫਿਲੌਰ ਨੇ ਕਿਹਾ ਕਿ ਸਰਕਾਰ ਲੋਕਾਂ ਨਾਲ ਵਾਅਦਾ ਕਰਕੇ ਆਈ ਸੀ ਕਿ ਛੇ ਮਹੀਨੇ ਵਿੱਚ ਨਸ਼ੇ ਖਤਮ ਕਰ ਦਿੱਤੇ ਜਾਣਗੇ, ਪਰ ਏਨਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਨਸ਼ਿਆਂ ਦੀ ਸ਼ਰੇਆਮ ਵਿਕਰੀ ਹੋ ਰਹੀ ਹੈ। ਇਸ ਮੌਕੇ ਫਿਲੌਰ ਤੋਂ ਭਾਰੀ ਗਿਣਤੀ ਵਿੱਚ 9 ਸਤੰਬਰ ਨੂੰ ਪ੍ਰਦਰਸ਼ਨ ਵਿਚ ਪਹੁੰਚਣ ਦਾ ਫੈਸਲਾ ਕੀਤਾ ਗਿਆ।

ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਲੋਕਾਂ ਨੂੰ ਕੀਤਾ ਜਾਗਰੂਕ

ਭੁਲੱਥ (ਮਨਪ੍ਰੀਤ ਸਿੰਘ) ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਦੇ ਦਿਸ਼ਾ ਨਿਰਦੇਸ਼ਾ ਹੇਠ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਰਵਜੀਤ ਸਿੰਘ ਦੀ ਯੋਗ ਅਗਵਾਈ ਹੇਠ ਸੀ ਐਚ ਸੀ ਬੇਗੋਵਾਲ ਅਧੀਨ ਆਉਂਦੇ ਇਲਾਕੇ ਵਿਚ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਤਹਿਤ ਸਿਹਤ ਵਿਭਾਗ ਦੀ ਟੀਮ ਵੱਲੋਂ ਘਰ ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆ ਡਾਕਟਰ ਰਵਜੀਤ ਸਿੰਘ ਐਸ ਐਮ ਓ ਸੀ ਐਚ ਸੀ ਬੇਗੋਵਾਲ ਨੇ ਦੱਸਿਆ ਕਿ ਹੈਲਥ ਟੀਮ ਵੱਲੋ ਲੋਕਾਂ ਦੇ ਘਰਾਂ ਵਿੱਚ ਜਾ ਕੇ ਉਹਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਡੇਂਗੂ ਦਾ ਲਾਰਵਾ ਵੀ ਚੈਕ ਕੀਤਾ ਜਾ ਰਿਹਾ ਹੈ।ਇਸ ਮੌਕੇ ਡਾਕਟਰ ਪਰਮਿੰਦਰ ਕੌਰ,ਡਾਕਟਰ ਰਾਜਪਾਲ ਸਿੰਘ, ਡਾਕਟਰ ਪਵਨਪ੍ਰੀਤ ਕੌਰ,ਨੀਤੂ ਸਰੋਆ ਬੀ ਈ ਈ, ਸੁਰਿੰਦਰ ਸਿੰਘ, ਸਤਵਿੰਦਰ ਸਿੰਘ, ਤਰਸੇਮ ਸਿੰਘ, ਪਵਨ ਕੁਮਾਰ ਆਦਿ ਹਾਜ਼ਰ ਸਨ।

ਬਾਬਾ ਬੁੱਢੇ ਸ਼ਾਹ ਦਾ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਸੰਪੰਨ

ਕਿਸ਼ਨਗੜ੍ਹ (ਨਵਾਂ ਜ਼ਮਾਨਾ ਸਰਵਿਸ) ਨਜ਼ਦੀਕੀ ਪਿੰਡ ਫਰੀਦਪੁਰ ਵਿਖੇ ਦਰਬਾਰ ਪੀਰ ਬਾਬਾ ਬੁੱਢੇ ਸ਼ਾਹ ਦਾ ਸਾਲਾਨਾ ਦੋ ਰੋਜ਼ਾ ਜੋੜ ਮੇਲਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਾਂਝੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਮਨਾਇਆ ਗਿਆ! ਮੇਲੇ ਦੇ ਪਹਿਲੇ ਦਿਨ ਸੰਗਤਾਂ ਦੀ ਹਾਜ਼ਰੀ 'ਚ ਪ੍ਰਬੰਧਕਾਂ ਵੱਲੋਂ ਝੰਡੇ ਤੇ ਚਾਦਰ ਪੋਸ਼ੀ ਦੀ ਰਸਮ ਅਦਾ ਕੀਤੀ ਗਈ। ਉਪਰੰਤ ਪ੍ਰਸਿੱਧ ਕਵਾਲ ਅਮਾਨ ਅਲੀ ਖਾਨ ਐਂਡ ਪਾਰਟੀ ਵੱਲੋਂ ਸੂਫ਼ੀਆਨਾ ਕਵਾਲੀਆਂ ਅਤੇ ਗਿੱਲ ਸਿਸਟਰ ਵੱਲੋਂ ਸੂਫ਼ੀਆਨਾ ਤੇ ਸੱਭਿਆਚਾਰਕ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਦੂਸਰੇ ਦਿਨ ਰਾਜ ਕੁਮਾਰ ਨਕਾਲ ਐਂਡ ਪਾਰਟੀ ਵੱਲੋਂ ਨਕਲਾਂ ਦਾ ਪ੍ਰੋਗਰਾਮ ਪੇਸ਼ ਕਰਦੇ ਹੋਏ ਸੰਗਤਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ ਤੇ ਪ੍ਰਧਾਨ ਕਮਲਜੀਤ ਸਿੰਘ ਮੰਗਾ, ਸਰਪੰਚ ਮਾ. ਕੁੰਦਨ ਲਾਲ ਨੇ ਕਿਹਾ ਕਿ ਅਜਿਹੇ ਪੁਰਾਤਨ ਸੂਫ਼ੀ ਮੇਲੇ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ, ਜੋ ਸਾਡੀ ਆਪਸੀ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਵਧੇਰੇ ਮਜ਼ਬੂਤ ਬਣਾਉਂਦੇ ਹਨ। ਇਸ ਮੌਕੇ ਤੇ ਪ੍ਰਬੰਧਕਾਂ ਵੱਲੋਂ ਆਏ ਹੋਏ ਗਾਇਕ ਕਲਾਕਾਰਾਂ, ਦਾਨੀ ਸੱਜਣਾਂ ਅਤੇ ਪਤਵੰਤਿਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਨਾਮ ਸਿੰਘ, ਜੋਗਿੰਦਰ ਸਿੰਘ, ਅਸ਼ੋਕ ਕੁਮਾਰ, ਸਰਪੰਚ ਮਾ. ਕੁੰਦਨ ਲਾਲ, ਪੁਰਸ਼ੋਤਮ ਲਾਲ ਪੰਚ, ਵਰਿੰਦਰ ਵਿੱਕੀ ਪੰਚ, ਨੰਬਰਦਾਰ ਜਸਵਿੰਦਰ ਸਿੰਘ, ਰੇਸ਼ਮ ਕੌਰ ਪੰਚ, ਪ੍ਰਵੀਨ ਕੌਰ ਪੰਚ, ਸੁਰਜੀਤ ਕੁਮਾਰ, ਜਗਤਾਰ ਕੁਮਾਰ, ਚਰਨਜੀਤ, ਵਰੁਣ ਕੁਮਾਰ, ਸਾਬਕਾ ਸਰਪੰਚ ਪਰਮਜੀਤ, ਸ਼ਗਲੀ ਰਾਮ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਕਿਸਾਨੀ ਭਖਦੇ ਮਸਲਿਆਂ ਸੰਬੰਧੀ ਕਾਨਫਰੰਸ 14 ਨੂੰ

ਮਹਿਤਪੁਰ (ਰਾਜਾ) ਕਿਰਤੀ ਕਿਸਾਨ ਯੂਨੀਅਨ ਵੱਲੋਂ ਕਿਸਾਨ ਆਗੂ ਸੰਤੋਖ ਸਿੰਘ ਤੱਗੜ ਦੀ ਯਾਦ ਵਿੱਚ ਕਿਸਾਨੀ ਦੀ ਭਖਦੇ ਮਸਲਿਆਂ 'ਤੇ 14 ਸਤੰਬਰ ਨੂੰ ਨੂਰਮਹਿਲ ਵਿੱਚ ਹੋ ਰਹੀ ਕਿਸਾਨ ਕਾਨਫਰੰਸ ਦੀ ਤਿਆਰੀ ਲਈ ਮਹਿਤਪੁਰ ਸਬ ਤਹਿਸੀਲ ਦੀ ਮੀਟਿੰਗ ਤਹਿਸੀਲ ਪ੍ਰਧਾਨ ਸਾਬਕਾ ਸਰਪੰਚ ਬਚਨ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲਾ ਆਗੂ ਰਜਿੰਦਰ ਸਿੰਘ ਮੰਡ ਨੇ ਕਿਹਾ ਕਿ 14 ਸਤੰਬਰ ਨੂੰ ਹੋਣ ਵਾਲੀ ਕਿਸਾਨ ਕਾਨਫਰੰਸ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਅਤੇ ਹੋਰ ਸੂਬਾਈ ਆਗੂ ਸੰਬੋਧਨ ਕਰਨਗੇ ਕਿਸਾਨ ਕਾਨਫਰੰਸ ਵਿੱਚ ਹਰੇ ਇਨਕਲਾਬ ਦਾ ਖੇਤੀ ਮਾਡਲ ਬਦਲ ਕੇ ਕੁਦਰਤ ਪੱਖੀ ਤੇ ਹੰਢਣਸਾਰ ਖੇਤੀ ਮਾਡਲ ਬਣਵਾਉਣ, ਦਰਿਆਈ ਪਾਣੀ ਦੇ ਮਾਮਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਵਾਉਣ, ਭਾਰਤ ਪਾਕਿਸਤਾਨ ਵਪਾਰ ਲਈ ਬਾਘਾ ਅਤੇ ਹੁਸੈਨੀਵਾਲਾ ਬਾਰਡਰ ਖੁਲਵਾਉਣ ਤੋਂ ਇਲਾਵਾ ਉਧੋਵਾਲ ਤੇ ਮੰਡ ਦੀ ਆਬਾਦਕਾਰਾਂ ਕਿਸਾਨਾਂ ਦਾ ਉਜਾੜਾ ਰੁਕਵਾਉਣ, ਬੇਜ਼ਮੀਨੇ ਕਿਸਾਨਾਂ ਨੂੰ ਸਹਿਕਾਰੀ ਸੁਸਾਇਟੀਆਂ ਦੇ ਹਿੱਸੇਦਾਰ ਬਣਾ ਕੇ ਸਾਰੀਆਂ ਖੇਤੀਬਾੜੀ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਖੇਤੀ ਕਰਦੇ ਬੇਜ਼ਮੀਨੇ ਕਿਸਾਨਾਂ ਨੂੰ ਮਾਲਕ ਕਿਸਾਨਾਂ ਵਾਂਗ ਹੀ ਕਿਸਾਨ ਨਿਧੀ ਯੋਜਨਾ ਵਿੱਚ ਸ਼ਾਮਲ ਕਰਕੇ ਆਰਥਿਕ ਸਹਾਇਤਾ ਦਬਾਉਣ। ਮੀਟਿੰਗ ਵਿੱਚ ਅਮਰ ਸਿੰਘ, ਤਰਨਜੀਤ ਸਿੰਘ ਮਾਨ, ਰਤਨ ਸਿੰਘ, ਮੇਜਰ ਸਿੰਘ, ਲੰਬੜਦਾਰ ਅਜੈਬ ਸਿੰਘ, ਸਾਬਕਾ ਸਰਪੰਚ ਕੁਲਵੰਤ ਸਿੰਘ ਅਤੇ ਗਿਆਨ ਸਿੰਘ ਹੁਰਾਂ ਨੇ ਆਪਣੇ ਵਿਚਾਰ ਰੱਖੇ।

ਲੋਕ ਕਹਿੰਦੇ ਪੀਣੀ ਨੀ ਸਰਕਾਰ ਕਹਿੰਦੀ ਧੱਕੇ ਨਾਲ ਪਿਆਵਾਂਗੇ

ਅੱਪਰਾ (ਨਿਰਮਲ ਗੁੜਾ)-ਜਿਲ੍ਹਾ ਜਲੰਧਰ ਤੇ ਹਲਕਾ ਫਿਲੌਰ ਦੇ ਪਿੰਡ ਵਿਰਕ ਵਿਖੇ ਉਦੋਂ ਮਹੌਲ ਖਰਾਬ ਹੋ ਗਿਆ ਜਦੋਂ ਕੁਝ ਵਿਅਕਤੀਆਂ ਵੱਲੋਂ ਪਿੰਡ ਵਿਰਕ ਨੇੜੇ ਸ਼ਰਾਬ ਦੀ ਬ੍ਰਾਂਚ ਖੋਲ ਲਈ।ਪਿੰਡ ਵਾਸੀਆਂ ਵਲੋਂ ਇਸ ਬ੍ਰਾਂਚ ਅੱਗੇ ਸੜਕ ਵਿੱਚ ਧਰਨਾ ਲਗਾ ਦਿੱਤਾ ਅਤੇ ਪੰਜਾਬ ਸਰਕਾਰ ਅਤੇ ਐਕਸਾਇਜ ਵਿਭਾਗ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ।ਇਸ ਮੌਕੇ ਪਿੰਡ ਦੇ ਮੋਹਤਵਾਰ ਵਿਅਕਤੀਆਂ ਨੇ ਦੱਸਿਆ ਕਿ ਕਰੀਬ 13 ਸਾਲ ਪਹਿਲਾਂ ਪਿੰਡ ਦੀ ਪੰਚਾਇਤ ਅਤੇ ਨਗਰ ਨਿਵਾਸੀਆਂ ਵਲੋਂ ਬੜੀ ਜੱਦੋ ਜਹਿਦ ਕਰਕੇ ਸ਼ਰਾਬ ਦਾ ਠੇਕਾ ਚੁਕਵਾਇਆਂ ਸੀ ਤੇ ਹੁਣ ਫਿਰ ਦੁਬਾਰਾ ਕੁਝ ਵਿਅਕਤੀਆਂ ਵਲੋਂ ਸ਼ਰਾਬ ਦੀ ਬ੍ਰਾਂਚ ਖੋਲੀ ਜਾ ਰਹੀ ਹੈ।ਲੋਕਾਂ ਨੇ ਅੱਗੇ ਦੱਸਿਆ ਕਿ ਜਿਥੇ ਸ਼ਰਾਬ ਦਾ ਠੇਕਾ ਖੋਲ੍ਹਿਆ ਜਾ ਰਿਹਾ ਹੈ, ਇਸ ਦੇ ਨੇੜੇ ਸੰਘਣੀ ਅਬਾਦੀ ਹੈ, ਜਿਥੇ ਪੜ੍ਹੇ ਲਿਖੇ ਤੇ ਸੂਝਵਾਨ ਲੋਕ ਰਹਿੰਦੇ ਹਨ, ਇਸ ਦੇ ਨੇੜੇ ਬਿਰਧ ਆਸ਼ਰਮ ਹੈ, ਜਿਥੇ ਪਹਿਲਾਂ ਹੀ ਸਿਸਟਮ ਦੇ ਸਤਾਏ ਲੋਕ ਰਹਿ ਰਹੇ ਹਨ।ਇਸ ਦੇ ਨੇੜੇ ਮਾਤਾ ਦਾ ਮੰਦਰ ਹੈ, ਇਸ ਰਸਤੇ ਤੋਂ ਵਿਦਿਆਰਥੀ ਸ਼ਹਿਰ ਨੂੰ ਪੜ੍ਹਨ ਵਾਸਤੇ ਜਾਂਦੇ ਹਨ, ਇਸ ਕਰਕੇ ਇਥੇ ਸ਼ਰਾਬ ਦਾ ਠੇਕਾ ਖੋਲਣਾਂ ਠੀਕ ਨਹੀਂ ਹੈ।ਪਿੰਡ ਵਾਸੀਆਂ ਨੇ ਕਿਹਾ ਕਿ ਇਕ ਪਾਸੇ ਪੱਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਸ਼ਾ ਮੁਕਤ ਪੰਜਾਬ ਦਾ ਨਾਹਰਾ ਦਿੱਤਾ ਜਾ ਰਿਹਾ ਹੈ, ਦੂਜੇ ਪਾਸੇ ਕੁੱਝ ਲੋਕਾਂ ਵੱਲੋਂ ਪਿੰਡ ਦੀ ਸਹਿਮਤੀ ਤੋਂ ਬਿਨਾਂ ਸ਼ਰਾਬ ਦਾ ਠੇਕਾ ਖੋਲ੍ਹਿਆ ਜਾ ਰਿਹਾ ਹੈ।ਪਿੰਡ ਵਾਸੀਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਧੱਕੇ ਨਾਲ ਸ਼ਰਾਬ ਦਾ ਠੇਕਾ ਖੋਲ੍ਹਿਆ ਤਾਂ ਉਹ ਤਿੱਖਾ ਸੰਘਰਸ਼ ਕਰਨਗੇ।ਮਹੌਲ ਗਰਮਾਉਂਦਾ ਦੇਖ ਪੁਲਸ ਚੌਕੀ ਦੁਸਾਂਝ ਕਲਾਂ ਦੀ ਪੁਲਸ ਨੇ ਮੌਕੇ 'ਤੇ ਆ ਕੇ ਬ੍ਰਾਂਚ ਨੂੰ ਜਿੰਦਾ ਲਗਵਾ ਦਿਤਾ।ਮੌਕੇ ਬ੍ਰਾਂਚ ਦੇ ਕਰਿੰਦੇ ਕੁਝ ਵੀ ਕਹਿਣ ਤੋਂ ਇਨਕਾਰ ਕਰਦਿਆਂ ਮੌਕੇ ਤੋਂ ਖਿਸਕ ਗਏ।ਇਸ ਮੌਕੇ ਸਾਬਕਾ ਸਰਪੰਚ ਰਾਮ ਸਰੂਪ ਚੰਬਾ, ਸਾਬਕਾ ਸਰਪੰਚ ਸਤਪਾਲ ਵਿਰਕ, ਜਿੰਦਰ ਵਿਰਕ ਤੋਂ ਇਲਾਵਾ ਇਲਾਕਾ ਵਾਸੀ ਹਾਜ਼ਰ ਸਨ।

ਜੁਨੇਜਾ ਪਰਵਾਰ ਨੇ ਸਿਵਲ ਹਸਪਤਾਲ 'ਚ ਮਰੀਜ਼ਾਂ ਨੂੰ ਫਲ ਵੰਡੇ

ਫਗਵਾੜਾ (ਕਮਲ ਰਾਏ) ਲੋਕ ਸੇਵਾ ਦਲ ਰਜਿ: ਫਗਵਾੜਾ ਸਮੇਂ ਸਮੇਂ ਤੇ ਲੋਕ ਭਲਾਈ ਦੇ ਕਮ ਕਰਦੀ ਰਹਿੰਦੀ ਹੈ ਇਸੇ ਲੜੀ ਨੂੰ ਅਗੇ ਤੋਰਦਿਆਂ ਇਕ ਆਯੋਜਨ ਸਿਵਲ ਹਸਪਤਾਲ ਫਗਵਾੜਾ ਵਿਖੇ ਕੀਤਾ ਗਿਆ ਜਿਸ ਵਿਚ ਸੁਧੀਰ ਪਾਲ ਜੁਨੇਜਾ ਪਰਵਾਰ ਵਲੋਂ ਹਸਪਤਾਲ ਦੇ ਸਾਰੇ ਮਰੀਜਾਂ ਨੂੰ ਫਲ ਦਿਤੇ ਗਏ।ਇਹ ਪ੍ਰੋਜੈਕਟ ਸੁਧੀਰ ਪਾਲ ਜੁਨੇਜਾ ਦੀ ਦੇਖਰੇਖ ਹੇਠ ਲਗਾਇਆ ਗਿਆ, ਇਸ ਮੌਕੇ ਜੁਨੇਜਾ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦਾ ਪਰਵਾਰ ਜਰੂਰਤਮੰਦ ਲੋਕਾਂ ਦੀ ਮਦਦ ਲਈ ਹਰ ਵੇਲੇ ਤਿਆਰ ਹਨ।ਪ੍ਰਧਾਨ ਨਿਰਵੈਰ ਸਿੰਘ ਨੱਢਾ ਨੇ ਸੁਧੀਰ ਪਾਲ ਜੁਨੇਜਾ ਪਰਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੁਨੇਜਾ ਪਰਵਾਰ ਵੱਲੋਂ ਲੋਕ ਭਲਾਈ ਦੇ ਲਈ ਬਹੁਤ ਸਾਰੇ ਪ੍ਰੋਜੈਕਟ 'ਚ ਮਦਦ ਮਿਲਦੀ ਰਹਿੰਦੀ ਹੈ ਉਨ੍ਹਾਂ ਨੇ ਇਕ ਜਰੂਰਤਮੰਦ ਲੜਕੀ ਨੂੰ ਪੜ੍ਹਾਉਣ ਦਾ ਜ਼ਿੰਮਾ ਵੀ ਆਪਣੇ ਸਿਰ ਲਿਆ ਹੋਇਆ ਹੈ ਅਤੇ ਉਹ ਉਸਦੀ ਫੀਸ ਆਦਿ ਦਿੰਦੇ ਹਨ। ਇਸ ਮੌਕੇ ਪ੍ਰਧਾਨ ਨਿਰਵੈਰ ਸਿੰਘ ਨੱਢਾ, ਵਰਿੰਦਰ ਸ਼ਰਮਾ ਡਾਇਰੈਕਟਰ, ਦਵਿੰਦਰ ਸਿੰਘ ਮੁੱਖ ਸਕੱਤਰ, ਮਨਮੋਹਨ ਸਿੰਘ ਵਾਲੀਆ ਚੇਅਰਮੈਨ, ਸੰਜੀਵ ਲਾਂਬਾ ਖਜ਼ਾਨਚੀ, ਅਸ਼ੋਕ ਦੁੱਗਲ, ਸੁਧੀਰ ਪਾਲ ਜੁਨੇਜਾ, ਪਵਨ ਕਸ਼ਯਪ, ਆਦਿ ਹਾਜ਼ਰ ਸਨ।

ਗੌਰਮਿੰਟ ਟੀਚਰ ਯੂਨੀਅਨ ਵੱਲੋਂ ਸਟੇਟ ਐਵਾਰਡੀ ਸਤਨਾਮ ਸਿੰਘ ਸੂਨੀ ਦਾ ਸਨਮਾਨ

ਗੜ੍ਹਸ਼ੰਕਰ, (ਫੂਲਾ ਸਿੰਘ ਬੀਰਮਪੁਰ) ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਗੌਰਮਿੰਟ ਟੀਚਰ ਯੂਨੀਅਨ (ਜੀ ਟੀ ਯੂ) ਵੱਲੋਂ ਯੂਨੀਅਨ ਆਗੂ ਮਾਸਟਰ ਨਰੇਸ਼ ਕੁਮਾਰ, ਮਾਸਟਰ ਹਰਦੀਪ ਕੁਮਾਰ, ਹੌਡ ਮਾਸਟਰ ਸੰਦੀਪ ਬਡੇਸਰੋਂ ਅਤੇ ਸਤਪਾਲ ਮਿਨਹਾਸ ਦੀ ਅਗਵਾਈ ਹੇਠ ਸਟੇਟ ਐਵਾਰਡੀ ਸਤਨਾਮ ਸਿੰਘ ਸੂਨੀ ਲੈਕਚਰਾਰ (ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ) ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਸਥਿਤ ਮੇਜਰ ਸਿੰਘ ਮੌਜੀ ਲਾਇਬ੍ਰੇਰੀ ਵਿਖੇ ਕਰਵਾਏ ਗਏ ਇਕ ਸਮਾਗਮ ਵਿਚ ਨਰੇਸ਼ ਕੁਮਾਰ, ਹਰਦੀਪ ਕੁਮਾਰ, ਸੰਦੀਪ ਬਡੇਸਰੋਂ, ਸਤਪਾਲ ਮਿਨਹਾਸ ਸਮੇਤ ਅਧਿਆਪਕ ਪ੍ਰਦੀਪ ਕੁਮਾਰ ਗੁਰੂ, ਦਿਲਾਵਰ ਸਿੰਘ, ਬਲਵਿੰਦਰ ਕੁਮਾਰ, ਹਰਪਿੰਦਰ ਸਿੰਘ, ਕਮਲਜੀਤ ਸਿੰਘ, ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਨਾਜ਼ਰ ਰਾਮ, ਪੈਨਸ਼ਨਰਜ਼ ਆਗੂ ਸ਼ਾਮ ਸੁੰਦਰ ਕਪੂਰ, ਬਲਵੰਤ ਰਾਮ, ਸਰੂਪ ਚੰਦ ਲੈਕਚਰਾਰ, ਮੇਜਰ ਸਿੰਘ, ਫੈਡਰੇਸ਼ਨ ਆਗੂ ਮੱਖਣ ਸਿੰਘ ਵਾਹਿਦਪੁਰੀ, ਜੀਤ ਸਿੰਘ ਬਗਵਾਈਂ, ਸ਼ਿੰਗਾਰਾ ਰਾਮ ਭੱਜਲ, ਅਧਿਆਪਕ ਆਗੂ ਮੁਕੇਸ਼ ਕੁਮਾਰ ਗੁਜਰਾਤੀ, ਰਜਿੰਦਰ ਪਾਲ ਆਦਿ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਨਾਜ਼ਰ ਰਾਮ, ਸ਼ਾਮ ਸੁੰਦਰ ਕਪੂਰ, ਨਰੇਸ਼ ਕੁਮਾਰ, ਸਤਪਾਲ ਮਿਨਹਾਸ, ਮੱਖਣ ਸਿੰਘ ਵਾਹਿਦਪੁਰੀ, ਸ਼ਿੰਗਾਰਾ ਰਾਮ ਭੱਜਲ ਅਤੇ ਮੁਕੇਸ਼ ਕੁਮਾਰ ਗੁਜਰਾਤੀ ਨੇ ਸਤਨਾਮ ਸਿੰਘ ਸੂਨੀ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਸਟੇਟ ਐਵਾਰਡ ਮਿਲਣ 'ਤੇ ਵਧਾਈ ਦਿੱਤੀ। ਇਸ ਮੌਕੇ ਸਤਨਾਮ ਸਿੰਘ ਸੂਨੀ ਨੇ ਸਨਮਾਨ ਲਈ ਧੰਨਵਾਦ ਕਰਦਿਆਂ ਆਪਣੀ ਸੇਵਾ ਦੌਰਾਨ ਨਿਭਾਈਆਂ ਸੇਵਾਵਾਂ ਬਾਰੇ ਸੰਖੇਪ ਵਿਚ ਚਾਨਣਾ ਪਾਇਆ।

ਨੱਥੂਪੁਰ ਵਿਖੇ ਭਗਵਾਨ ਸ੍ਰੀ ਚੰਦਰ ਦਾ 530ਵਾਂ ਜਨਮ ਦਿਹਾੜਾ 12 ਨੂੰ